# Punjab Government Gazette

## EXTRAORDINARY

*Published by Authority*

CHANDIGARH, THURSDAY, AUGUST 21, 2025

(SRAVANA 30, 1947 SAKA)


ਵਿਧਾਨਕ ਅਨੁਪੂਰਕ

**ਮਜ਼ਮੂਨ** **ਪੰਨੇ**


**ਭਾਗ I** **ਐਕਟ**

1. ਪੰਜਾਬ ਮੈਡੀਕੇਅਰ ਸੇਵਾ ਵਿਅਕਤੀਆਂ ਅਤੇ ਮੈਡੀਕੇਅਰ ਸੇਵਾ ਸੰਸਥਾਵਾਂ ਦੀ ਸੁਰੱਖਿਆ (ਸੰਪੱਤੀ ਨੂੰ ਹਿੰਸਾ ਅਤੇ ਨੁਕਸਾਨ ਦੀ ਰੋਕਥਾਮ) ਐਕਟ, 2008 ...343-346
   (2008 ਦਾ ਪੰਜਾਬ ਐਕਟ ਨੰ. 26)
2. ਸ੍ਰੀ ਗੁਰੂ ਰਾਮਦਾਸ ਸਿਹਤ ਵਿਗਿਆਨ ਯੂਨੀਵਰਸਿਟੀ ਐਕਟ, 2016
   (2016 ਦਾ ਪੰਜਾਬ ਐਕਟ ਨੰ. 43) ...347-369

**ਭਾਗ II** **ਆਰਡੀਨੈਂਸ**

*ਕੋਈ ਨਹੀਂ*

**ਭਾਗ III** **ਅਧੀਨ ਵਿਧਾਨਕਾਰੀ**

*ਕੋਈ ਨਹੀਂ*

**ਭਾਗ IV** **ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ**

*ਕੋਈ ਨਹੀਂ*


———

ਭਾਗ 1

## ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

## ਅਧਿਸੂਚਨਾ

ਮਿਤੀ 20 ਅਗਸਤ, 2025

**ਨੰ: 29/ਭ.ਕ./2025.**-ਪੰਜਾਬ ਮੈਡੀਕੇਅਰ ਸੇਵਾ ਵਿਅਕਤੀਆਂ ਅਤੇ ਮੈਡੀਕੇਅਰ ਸੇਵਾ ਸੰਸਥਾਵਾਂ ਦੀ ਸੁਰੱਖਿਆ (ਸੰਪੱਤੀ ਨੂੰ ਹਿੰਸਾ ਅਤੇ ਨੁਕਸਾਨ ਤੋਂ ਰੋਕਥਾਮ) ਐਕਟ, 2008 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

## NOTIFICATION

The 20th August, 2025

**No. 29/L.C./2025.-** The Translation in Punjabi of the Punjab Protection of Medicare Service Persons and Medicare Service Institutions (Prevention of Violence and Damage to Property) Act, 2008 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

ਪੰਜਾਬ ਮੈਡੀਕੇਅਰ ਸੇਵਾ ਵਿਅਕਤੀਆਂ ਅਤੇ ਮੈਡੀਕੇਅਰ ਸੇਵਾ ਸੰਸਥਾਵਾਂ ਦੀ ਸੁਰੱਖਿਆ (ਸੰਪੱਤੀ ਨੂੰ ਹਿੰਸਾ ਅਤੇ ਨੁਕਸਾਨ ਤੋਂ ਰੋਕਥਾਮ) ਐਕਟ, 2008
(2008 ਦਾ ਪੰਜਾਬ ਐਕਟ ਨੰ: 26)

ਪੰਜਾਬ ਰਾਜ ਵਿੱਚ ਮੈਡੀਕੇਅਰ ਸੇਵਾ ਵਿਅਕਤੀਆਂ ਅਤੇ ਮੈਡੀਕੇਅਰ ਸੇਵਾ ਸੰਸਥਾਵਾਂ ਦੀ ਸੁਰੱਖਿਆ ਅਤੇ ਸੰਪੱਤੀ ਨੂੰ ਹਿੰਸਾ ਅਤੇ ਨੁਕਸਾਨ ਤੋਂ ਰੋਕਥਾਮ ਲਈ ਉਪਬੰਧ ਕਰਨ ਅਤੇ ਇਸ ਨਾਲ ਸਬੰਧਤ ਜਾਂ ਉਸ ਦੇ ਅਨੁਸੰਗਕ ਮਾਮਲਿਆਂ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਉਨਾਹਠਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

1. (1) ਇਸ ਐਕਟ ਨੂੰ ਪੰਜਾਬ ਮੈਡੀਕੇਅਰ ਸੇਵਾ ਵਿਅਕਤੀਆਂ ਅਤੇ ਮੈਡੀਕੇਅਰ ਸੇਵਾ ਸੰਸਥਾਵਾਂ ਦੀ ਸੁਰੱਖਿਆ (ਸੰਪੱਤੀ ਨੂੰ ਹਿੰਸਾ ਅਤੇ ਨੁਕਸਾਨ ਤੋਂ ਰੋਕਥਾਮ) ਐਕਟ, 2008 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ।

(2) ਇਹ ਤੁਰੰਤ ਨਾਫ਼ਜ਼ ਹੋਵੇਗਾ।

ਪਰਿਭਾਸ਼ਾਵਾਂ। 2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,-

(ੳ) "ਮੈਡੀਕੇਅਰ ਸੇਵਾ ਸੰਸਥਾ" ਦਾ ਮਤਲਬ ਹੈ ਇੱਕ ਸੰਸਥਾ ਜੋ ਮੈਡੀਕੇਅਰ ਸੇਵਾ ਸੰਸਥਾ ਵਿੱਚ ਜਾਂ ਮੋਬਾਈਲ ਮੈਡੀਕਲ ਯੂਨਿਟ ਰਾਹੀਂ ਜਾਂ ਮੈਡੀਕਲ ਕੈਂਪਾਂ ਦਾ ਪ੍ਰਬੰਧ ਕਰਕੇ ਮੈਡੀਕੇਅਰ ਸੇਵਾ ਪ੍ਰਦਾਨ ਕਰਦੀ ਹੈ ਜੋ ਕੇਂਦਰੀ ਸਰਕਾਰ ਜਾਂ ਰਾਜ ਸਰਕਾਰ ਜਾਂ ਸਥਾਨਕ ਬੌਡੀ ਦੇ ਕੰਟਰੋਲ ਅਧੀਨ ਹੈ ਜਿਸ ਵਿੱਚ ਬਿਮਾਰ ਦੇ ਇਲਾਜ ਦੀ ਸਹੂਲਤ ਲਈ ਕੋਈ ਪ੍ਰਾਈਵੇਟ ਹਸਪਤਾਲ ਸ਼ਾਮਲ ਹੈ ਅਤੇ ਉਹਨਾਂ ਦੇ ਰੱਖਣ ਜਾਂ ਠਹਿਰਣ ਲਈ ਵਰਤਿਆ ਜਾਂਦਾ ਹੈ, ਕੋਈ ਪ੍ਰਾਈਵੇਟ ਜਣੇਪਾ ਘਰ, ਜਿੱਥੇ ਔਰਤਾਂ ਨੂੰ ਆਮ ਤੌਰ 'ਤੇ ਬੱਚੇ ਦੇ ਜਨਮ ਜਾਂ ਇਸ ਨਾਲ ਸਬੰਧਤ ਕਿਸੇ ਵੀ ਚੀਜ਼ ਦੇ ਸਬੰਧ ਵਿੱਚ ਸੂਤਕ ਅਤੇ ਜਣੇ ਪੇ ਤੋਂ ਪਹਿਲਾਂ ਅਤੇ ਜਣੇਪੇ ਤੋਂ ਬਾਅਦ ਦੀ ਦੇਖਭਾਲ ਦੇ ਪ੍ਰਯੋਜਨ ਲਈ ਪ੍ਰਾਪਤ ਕੀਤਾ ਜਾਂਦਾ ਹੈ ਅਤੇ ਠਹਿਰਾਇਆ ਜਾਂਦਾ ਹੈ ਅਤੇ ਕੋਈ ਪ੍ਰਾਈਵੇ ਟ ਨਰਸਿੰਗ ਹੋਮ ਜੋ ਕਿਸੇ ਵੀ ਬਿਮਾਰੀ, ਸੱਟ ਜਾਂ ਕਮਜ਼ੋਰੀ ਤੋਂ ਪੀੜਤ ਵਿਅਕਤੀਆਂ ਦੇ ਰੱਖਣ ਅਤੇ ਰਿਹਾਇਸ਼ ਲਈ ਵਰਤਿਆ ਜਾਂਦਾ ਹੈ ਜਾਂ ਵਰਤੇ ਜਾਣ ਲਈ ਚਿਤਵਤ ਹੈ, ਭਾਵੇਂ ਉਹ ਸਰੀਰ ਜਾਂ ਦਿਮਾਗ ਦੀ ਹੋਵੇ, ਅਤੇ ਨਰਸਿੰਗ ਜਾਂ ਦੋਵਾਂ ਦਾ ਇਲਾਜ ਪ੍ਰਦਾਨ ਕਰਦਾ ਹੈ ਅਤੇ ਇਸ ਵਿੱਚ ਰਾਜ਼ੀ ਹੋ ਰਹੇ ਲੋਕਾਂ ਦਾ ਹੋਮ ਸ਼ਾਮਲ ਹੈ;

(ਅ) ਮੈਡੀਕੇਅਰ ਸੇਵਾ ਸੰਸਥਾ ਦੇ ਸਬੰਧ ਵਿੱਚ "ਮੈਡੀਕੇਅਰ ਸੇਵਾ ਵਿਅਕਤੀ" ਵਿੱਚ ਹੇਠ-ਲਿਖੇ ਸ਼ਾਮਲ ਹੋਣਗੇ,-

(i) ਰਜਿਸਟਰਸ਼ੁਦਾ ਮੈਡੀਕਲ ਪ੍ਰੈਕਟੀਸ਼ਨਰ, ਰਜਿਸਟਰਸ਼ੁਦਾ ਪ੍ਰੈਕਟੀਸ਼ਨਰ ਅਤੇ ਪ੍ਰੈਕਟੀਸ਼ਨਰ, ਜੋ ਮੈਡੀਕੇਅਰ ਸੇਵਾ ਸੰਸਥਾ ਵਿੱਚ ਕੰਮ ਕਰਦੇ ਹੋਣ;

(ii) ਨਰਸ;

(iii) ਸਹਾਇਕ ਨਰਸ ਅਤੇ ਦਾਈ;

(iv) ਨਰਸ-ਦਾਈ;

(v) ਸਿਖਲਾਈ ਪ੍ਰਾਪਤ ਦਾਈ;

(vi) ਮੈਡੀਕਲ ਵਿਦਿਆਰਥੀ;

(vii) ਨਰਸਿੰਗ ਵਿਦਿਆਰਥੀ;

(viii) ਪੈਰਾ ਮੈਡੀਕਲ ਕਾਮੇ; ਅਤੇ

(ix) ਲੋੜੀਂਦੀਆਂ ਸੇਵਾਵਾਂ ਪ੍ਰਦਾਨ ਕਰਨ ਲਈ ਮੈਡੀਕੇਅਰ ਸੇਵਾ ਸੰਸਥਾ ਦੁਆਰਾ ਸਿੱਧੇ ਜਾਂ ਅਸਿੱਧੇ ਤੌਰ 'ਤੇ ਲਗਾਏ ਗਏ ਹੋਰ ਸਟਾਫ਼ ਜਾਂ ਕਾਮੇ;

ਵਿਆਖਿਆ.- ਇਸ ਐਕਟ ਦੇ ਪ੍ਰਯੋਜਨ ਲਈ, ਰਜਿਸਟਸ਼ੁਦਾ ਮੈਡੀਕਲ ਪ੍ਰੈਕਟੀਸ਼ਨਰ, ਮੈਡੀਕਲ ਪ੍ਰੈਕਟੀਸ਼ਨਰ, ਪ੍ਰੈਕਟੀਸ਼ਨਰ, ਨਰਸ, ਸਹਾਇਕ ਨਰਸ ਅਤੇ ਦਾਈ, ਅਤੇ ਸਿਖਲਾਈ ਪ੍ਰਾਪਤ ਦਾਈ, ਪਦਾਂ ਦੇ ਉਹੀ ਮਤਲਬ ਹੋਣਗੇ, ਜੋ ਉਹਨਾਂ ਨੂੰ ਪੰਜਾਬ ਮੈਡੀਕਲ ਰਜਿਸਟਰੀਕਰਨ ਐਕਟ, 1916, ਪੰਜਾਬ ਨਰਸ ਰਜਿਸਟਰੀਕਰਨ ਐਕਟ, 1932, ਪੰਜਾਬ ਆਯੁਰਵੈਦਿਕ ਅਤੇ ਯੂਨਾਨੀ ਪ੍ਰੈਕਟੀਸ਼ਨਰ ਐਕਟ, 1963 ਅਤੇ ਪੰਜਾਬ ਹੋਮਿਓਪੈਥਿਕ ਪ੍ਰੈਕਟੀਸ਼ਨਰ ਐਕਟ, 1965 ਵਿੱਚ ਦਿੱਤੇ ਗਏ ਹਨ;

(ੲ) "ਮੈਡੀਕਲ ਵਿਦਿਆਰਥੀ" ਦਾ ਮਤਲਬ ਹੈ ਇੱਕ ਵਿਦਿਆਰਥੀ, ਜੋ ਡਾਕਟਰੀ ਪੇਸ਼ੇ ਵਿੱਚ ਸਿਖਲਾਈ ਜਾਂ ਅਧਿਐਨ ਕਰ ਰਿਹਾ ਹੈ;

(ਸ) "ਮੋਬਾਈਲ ਮੈਡੀਕਲ ਯੂਨਿਟ" ਦਾ ਮਤਲਬ ਹੈ ਡਾਕਟਰੀ ਉਪਕਰਣਾਂ ਨਾਲ ਲੈਸ ਇੱਕ ਐਂਬੂਲੈਂਸ ਜੋ ਮੈਡੀਕੇਅਰ ਸੇਵਾਵਾਂ ਪ੍ਰਦਾਨ ਕਰਨ ਲਈ ਵਰਤੀ ਜਾਂਦੀ ਹੋਵੇ;

(ਹ) "ਨਰਸਿੰਗ ਵਿਦਿਆਰਥੀ" ਦਾ ਮਤਲਬ ਹੈ ਇੱਕ ਵਿਦਿਆਰਥੀ, ਜੋ ਨਰਸਿੰਗ ਪੇਸ਼ੇ ਵਿੱਚ ਸਿਖਲਾਈ ਜਾਂ ਅਧਿਐਨ ਕਰ ਰਿਹਾ ਹੈ;

(ਕ) "ਅਪਰਾਧੀ" ਦਾ ਮਤਲਬ ਹੈ ਕੋਈ ਵਿਅਕਤੀ, ਜੋ ਜਾਂ ਤਾਂ ਖੁਦ ਜਾਂ ਵਿਅਕਤੀਆਂ ਜਾਂ ਸੰਗਠਨ ਦੇ ਕਿਸੇ ਸਮੂਹ ਦੇ ਮੈਂਬਰ ਜਾਂ ਨੇਤਾ ਵਜੋਂ ਹਿੰਸਾ ਕਰਦਾ ਹੈ ਜਾਂ ਕਰਨ ਦੀ ਕੋਸ਼ਿਸ਼ ਕਰਦਾ ਹੈ ਜਾਂ ਸ਼ਹਿ ਦਿੰਦਾ ਹੈ ਜਾਂ ਭੜਕਾਉਂਦਾ ਹੈ;

(ਖ) "ਪੈਰਾ ਮੈਡੀਕਲ ਕਾਮਾ" ਦਾ ਮਤਲਬ ਹੈ ਉਹ ਵਿਅਕਤੀ, ਜੋ ਮੈਡੀਕੇਅਰ ਸੇਵਾਵਾਂ ਪ੍ਰਦਾਨ ਕਰਨ ਵਾਲੇ ਮੈਡੀਕੇਅਰ ਸੇਵਾ ਵਿਅਕਤੀ ਦੀ ਸਹਾਇਤਾ ਕਰਦਾ ਹੈ;

(ਗ) "ਸੰਪੱਤੀ" ਵਿੱਚ ਚੁੱਕਵੀਂ ਅਤੇ ਅਚੁੱਕਵੀਂ ਦੋਵੇਂ ਕਿਸਮ ਦੀ ਸੰਪੱਤੀ ਸ਼ਾਮਲ ਹੋਵੇਗੀ; ਅਤੇ

(ਘ) "ਹਿੰਸਾ" ਦਾ ਮਤਲਬ ਹੈ ਕੋਈ ਅਜਿਹਾ ਕੰਮ, ਜੋ ਕਿਸੇ ਵੀ ਨੁਕਸਾਨ, ਸੱਟ ਜਾਂ ਜੀਵਨ ਨੂੰ ਖਤਰੇ ਵਿੱਚ ਪਾਉਂਦਾ ਹੈ, ਕਿਸੇ ਵੀ ਮੈਡੀਕੇਅਰ ਸੇਵਾ ਵਿਅਕਤੀ ਨੂੰ ਮੈਡੀਕੇਅਰ ਸੇਵਾ ਸੰਸਥਾ ਵਿੱਚ ਆਪਣੀ ਡਿਊਟੀ ਨਿਭਾਉਣ ਵਿੱਚ ਰੁਕਾਵਟ ਪਾਉਂਦਾ ਹੈ ਜਾਂ ਰੋਕਦਾ ਹੈ ਜਾਂ ਮੈਡੀਕੇਅਰ ਸੇਵਾ ਸੰਸਥਾ ਵਿੱਚ ਸੰਪੱਤੀ ਨੂੰ ਨੁਕਸਾਨ ਪਹੁੰਚਾਉਂਦਾ ਹੈ।

ਹਿੰਸਾ ਦੀ ਮਨਾਹੀ। 3. ਮੈਡੀਕੇਅਰ ਸੇਵਾ ਸੰਸਥਾ ਵਿੱਚ ਕਿਸੇ ਮੈਡੀਕੇਅਰ ਸੇਵਾ ਵਿਅਕਤੀ ਵਿਰੁੱਧ ਹਿੰਸਾ ਦੀ ਕੋਈ ਵੀ ਕਾਰਵਾਈ ਜਾਂ ਸੰਪੱਤੀ ਨੂੰ ਨੁਕਸਾਨ ਪਹੁੰਚਾਉਣ ਦੀ ਮਨਾਹੀ ਹੋਵੇਗੀ।

ਡੰਨ। 4. ਇੱਕ ਅਪਰਾਧੀ, ਜੋ ਇਸ ਐਕਟ ਦੇ ਉਪਬੰਧਾਂ ਦੀ ਉਲੰਘਣਾ ਕਰਕੇ ਕੋਈ ਵੀ ਕੰਮ ਕਰਦਾ ਹੈ, ਨੂੰ ਕੈਦ ਦੀ ਜੋ ਇੱਕ ਸਾਲ ਤੱਕ ਵਧ ਸਕਦੀ ਹੈ ਜਾਂ ਜੁਰਮਾਨੇ ਦੀ ਜੋ ਪੰਜਾਹ ਹਜਾਰ ਰੁਪਏ ਤੱਕ ਵਧ ਸਕਦਾ ਹੈ ਜਾਂ ਦੋਵਾਂ ਨਾਲ, ਸਜ਼ਾ ਦਿੱਤੀ ਜਾਵੇਗੀ।

ਅਪਰਾਧ ਦਾ ਸਮਾਇਤ ਅਧਿਕਾਰ। 5. ਇਸ ਐਕਟ ਅਧੀਨ ਕੀਤਾ ਗਿਆ ਕੋਈ ਵੀ ਅਧਰਾਧ ਸਮਾਇਤਯੋਗ ਅਤੇ ਜ਼ਮਾਨਤ-ਅਯੋਗ ਹੋਵੇਗਾ ਅਤੇ ਪਹਿਲੇ ਦਰਜੇ ਦੇ ਨਿਆਂਇਕ ਮੈਜਿਸਟਰੇਟ ਦੀ ਅਦਾਲਤ ਦੁਆਰਾ ਵਿਚਾਰਣਯੋਗ ਹੋਵੇਗਾ।

ਸੰਪੱਤੀ ਨੂੰ ਹੋਏ ਨੁਕਸਾਨ ਲਈ ਹਾਨ ਦੀ ਵਸੂਲੀ। 6. (1) ਧਾਰਾ 4 ਵਿੱਚ ਉਲਿਖਤ ਕੀਤੀ ਗਈ ਸਜ਼ਾ ਤੋਂ ਇਲਾਵਾ, ਅਪਰਾਧੀ ਨੁਕਸਾਨ ਪਹੁੰਚਾਏ ਗਏ ਡਾਕਟਰੀ ਉਪਕਰਣਾਂ ਜਾ ਸੰਪੱਤੀ ਨੂੰ ਹੋਏ ਹਾਨ ਦੀ ਖਰੀਦ ਕੀਮਤ ਦਾ ਦੁੱਗਣਾ ਜੁਰਮਾਨਾ ਵੀ ਦੇਣ ਦਾ ਭਾਗੀ ਹੋਵੇਗਾ, ਜੋ ਕਿ ਧਾਰਾ 5 ਵਿੱਚ ਹਵਾਲਾ ਕੀਤੀ ਗਈ ਅਦਾਲਤ ਦੁਆਰਾ ਨਿਰਧਾਰਤ ਕੀਤਾ ਜਾਵੇ।

(2) ਜੇ, ਅਪਰਾਧੀ ਨੇ ਉਪ-ਧਾਰਾ (1) ਅਧੀਨ ਲਗਾਇਆ ਗਿਆ ਡੰਨ ਅਦਾ ਨਹੀਂ ਕੀਤਾ ਹੈ, ਤਾਂ ਇਹ ਭੋਂ ਮਾਲੀਏ ਦੇ ਬਕਾਏ ਦੇ ਤੌਰ ਤੇ ਵਸੂਲਿਆ ਜਾਵੇਗਾ।

ਐਕਟ ਦਾ ਕਿਸੇ ਹੋਰ ਕਾਨੂੰਨ ਦਾ ਅਲਪਣ ਕਰਨ ਵਾਲਾ ਨਾ ਹੋਣਾ। 7. ਇਸ ਐਕਟ ਦੇ ਉਪਬੰਧ ਤੱਤਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਦੇ ਉਪਬੰਧਾਂ ਤੋਂ ਇਲਾਵਾ ਹੋਣਗੇ।

**ਦੇਵਿੰਦਰ ਕੁਮਾਰ ਗੁਪਤਾ,**
ਕਾਨੂੰਨੀ ਮਸ਼ੀਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3484/8-2025/Pb. Govt. Press, S.A.S. Nagar*

ਭਾਗ 1

## ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

## ਅਧਿਸੂਚਨਾ

ਮਿਤੀ 20 ਅਗਸਤ, 2025

ਨੰ: 30/ਭ.ਕ./2025.- ਸ੍ਰੀ ਗੁਰੂ ਰਾਮਦਾਸ ਸਿਹਤ ਵਿਗਿਆਨ ਯੂਨੀਵਰਸਿਟੀ ਐਕਟ, 2016 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

## NOTIFICATION

The 20th August, 2025

**No. 30/L.C./2025.-** The Translation in Punjabi of the Sri Guru Ram Das University of Health Sciences Act, 2016 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

ਸ੍ਰੀ ਗੁਰੂ ਰਾਮਦਾਸ ਸਿਹਤ ਵਿਗਿਆਨ ਯੂਨੀਵਰਸਿਟੀ ਐਕਟ, 2016

(2016 ਦਾ ਪੰਜਾਬ ਐਕਟ ਨੰ: 43)

ਪੰਜਾਬ ਰਾਜ ਵਿੱਚ ਸਿਹਤ ਵਿਗਿਆਨ ਦੇ ਖੇਤਰ ਵਿੱਚ ਸਿੱਖਿਆ, ਅਧਿਆਪਨ, ਵਿੱਦਿਆ, ਖੋਜ, ਸਿਖਲਾਈ ਅਤੇ ਸਾਰੇ ਪੱਧਰਾਂ ਦੀਆਂ ਸਬੰਧਤ ਸਰਗਰਮੀਆਂ ਦੀ ਵਿਵਸਥਾ ਕਰਨ ਅਤੇ ਇਸ ਨਾਲ ਸਬੰਧਤ ਜਾਂ ਉਸ ਦੇ ਅਨੁਸੰਗਕ ਮਾਮਲਿਆਂ ਦੇ ਪ੍ਰਯੋਜਨਾਂ ਨਾਲ ਸ੍ਰੀ ਗੁਰੂ ਰਾਮਦਾਸ ਸਿਹਤ ਵਿਗਿਆਨ ਯੂਨੀਵਰਸਿਟੀ ਦੇ ਨਾਂ ਨਾਲ ਜਾਣੀ ਜਾਣ ਵਾਲੀ ਇੱਕ ਯੂਨੀਵਰਸਿਟੀ ਸਥਾਪਤ ਅਤੇ ਨਿਗਮਤ ਕਰਨ ਲਈ ਇੱਕ ਐਕਟ;

ਜਦੋਂ ਕਿ ਸੋਸਾਇਟੀ ਰਜਿਸਟਰੇਸ਼ਨ ਐਕਟ, 1860 (1860 ਦਾ XXI) ਅਧੀਨ ਰਜਿਸਟਰਸ਼ੁਦਾ ਸ੍ਰੀ ਗੁਰੂ ਰਾਮਦਾਸ ਦਾਨ-ਆਧਾਰੀ ਹਸਪਤਾਲ, ਟ੍ਰਸਟ ਵੱਲੋਂ ਪੰਜਾਬ ਨਿੱਜੀ ਯੂਨੀਵਰਸਿਟੀ ਨੀਤੀ, 2010 ਦੇ ਆਧਾਰ ਤੇ ਪੰਜਾਬ ਰਾਜ ਵਿੱਚ ਸਵੈ-ਵਿੱਤੀ ਪੋਸ਼ਣ ਨਾਲ ਸਿਹਤ ਵਿਗਿਆਨ ਦੇ ਸਾਰੇ ਪੱਧਰਾਂ ਤੇ ਸਾਰੇ ਸਮਯੋਗਤਾ ਵਰਗਾਂ ਵਿੱਚ ਵਿਵਸਥਾ ਕਰਨ ਸਬੰਧੀ ਯੂਨੀਵਰਸਿਟੀ ਸਥਾਪਤ ਕਰਨ ਲਈ ਰਾਜ ਸਰਕਾਰ ਨੂੰ ਤਜਵੀਜ਼ ਪੇਸ਼ ਕੀਤੀ ਗਈ ਸੀ;

ਜਦੋਂ ਕਿ ਰਾਜ ਸਰਕਾਰ ਉਕਤ ਦਰਸਾਈ ਗਈ ਉਪਰੋਕਤ ਟ੍ਰਸਟ ਦੀ ਤਜਵੀਜ਼ ਨੂੰ ਧਿਆਨ ਨਾਲ ਵਿਚਾਰਦੇ ਹੋਏ, ਇਸ ਨਤੀਜੇ ਤੇ ਪਹੁੰਚੀ ਕਿ ਉਕਤ ਟ੍ਰਸਟ ਯੂਨੀਵਰਸਿਟੀ ਸਥਾਪਤ ਕਰਨ ਅਤੇ ਉਸ ਨੂੰ ਚਲਾਉਣ ਦੇ ਯੋਗ ਹੈ ਅਤੇ ਇਸ ਅਨੁਸਾਰ ਹੀ ਰਾਜ ਸਰਕਾਰ ਵੱਲੋਂ ਦਰਸਾਈ ਗਈ ਨਿੱਜੀ ਯੂਨੀਵਰਸਿਟੀ ਸਥਾਪਤ ਕਰਨ ਲਈ ਉਨ੍ਹਾਂ ਦੀ ਤਜਵੀਜ਼ ਪ੍ਰਵਾਨ ਕਰ ਲਈ ਗਈ ਹੈ;

ਅਤੇ ਜਦੋਂ ਕਿ ਉਕਤ ਹਵਾਲਾ ਕੀਤੇ ਗਏ ਹਾਲਾਤਾਂ ਵਿੱਚ, ਉਪਰੋਕਤ ਦਰਸਾਏ ਗਏ ਪ੍ਰਯੋਜਨਾਂ ਲਈ ਸ੍ਰੀ ਗੁਰੂ ਰਾਮਦਾਸ ਸਿਹਤ ਵਿਗਿਆਨ ਯੂਨੀਵਰਸਿਟੀ ਦੀ ਜਲਦੀ ਸਥਾਪਨਾ ਕਰਨੀ ਉਚਿਤ ਸਮਝੀ ਜਾਂਦੀ ਹੈ।

ਭਾਰਤ ਗਣਰਾਜ ਦੇ ਸਤਾਹਟਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ ਲਿਖੇ ਅਨੁਸਾਰ ਇਹ ਐਕਟ ਬਣੇ:-

ਸੰਖੇਪ ਨਾਂ ਅਤੇ ਅਰੰਭ।

1. (1) ਇਸ ਐਕਟ ਨੂੰ ਸ੍ਰੀ ਗੁਰੂ ਰਾਮਦਾਸ ਸਿਹਤ ਵਿਗਿਆਨ ਯੂਨੀਵਰਸਿਟੀ ਐਕਟ, 2016 ਕਿਹਾ ਜਾ ਸਕੇਗਾ।

(2) ਇਹ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੋਣ ਦੀ ਤਰੀਕ ਤੋਂ ਨਾਫ਼ਜ਼ ਅਤੇ ਪ੍ਰਭਾਵੀ ਹੋਵੇਗਾ।

ਪਰਿਭਾਸ਼ਾਵਾਂ।

2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,-

(ੳ) 'ਅਕਾਦਮਿਕ ਕੌਂਸਲ' ਦਾ ਮਤਲਬ ਹੈ ਯੂਨੀਵਰਸਿਟੀ ਦੀ ਅਕਾਦਮਿਕ ਕੌਂਸਲ;

(ਅ) 'ਅਥਾਰਟੀਆਂ' ਦਾ ਮਤਲਬ ਹੈ ਯੂਨੀਵਰਸਿਟੀ ਦੀਆਂ ਅਥਾਰਟੀਆਂ;

(ੲ) 'ਪ੍ਰਬੰਧ-ਬੋਰਡ' ਦਾ ਮਤਲਬ ਹੈ ਯੂਨੀਵਰਸਿਟੀ ਦਾ ਪ੍ਰਬੰਧ ਬੋਰਡ;

(ਸ) 'ਅਧਿਐਨ ਬੋਰਡ' ਦਾ ਮਤਲਬ ਹੈ ਸ਼ਾਸਕ ਬੌਡੀ ਦੁਆਰਾ ਗਠਤ ਕੀਤੀ ਗਈ ਇੱਕ ਬੌਡੀ;

(ਹ) 'ਕੈਂਪਸ' ਦਾ ਮਤਲਬ ਹੈ ਜੁੜਵਾਂ ਖੇਤਰ ਜਿਸ ਵਿੱਚ ਯੂਨੀਵਰਸਿਟੀ ਸਥਿਤ ਹੈ;

(ਕ) 'ਚੇਅਰਮੈਨ' ਦਾ ਮਤਲਬ ਹੈ ਟ੍ਰਸਟ ਦਾ ਚੇਅਰਮੈਨ;

(ਖ) 'ਚਾਂਸਲਰ' ਦਾ ਮਤਲਬ ਹੈ ਯੂਨੀਵਰਸਿਟੀ ਦਾ ਚਾਂਸਲਰ;

(ਗ) 'ਮੁੱਖ ਵਿੱਤ ਅਤੇ ਲੇਖਾ ਅਧਿਕਾਰੀ' ਦਾ ਮਤਲਬ ਹੈ ਯੂਨੀਵਰਸਿਟੀ ਦਾ ਮੁੱਖ ਵਿੱਤ ਅਤੇ ਲੇਖਾ ਅਧਿਕਾਰੀ;

(ਘ) 'ਡੀਨ' ਦਾ ਮਤਲਬ ਹੈ ਯੂਨੀਵਰਸਿਟੀ ਦਾ ਡੀਨ;

(ਙ) 'ਸ਼ਾਸਕ ਬੌਡੀ' ਦਾ ਮਤਲਬ ਹੈ ਯੂਨੀਵਰਸਿਟੀ ਦੀ ਸ਼ਾਸਕ ਬੌਡੀ;

(ਚ) 'ਆਈ.ਐਨ.ਸੀ.' ਦਾ ਮਤਲਬ ਹੈ ਭਾਰਤੀ ਨਰਸਿੰਗ ਕੌਂਸਲ;

(ਛ) 'ਸੰਸਥਾ' ਦਾ ਮਤਲਬ ਹੈ ਕੈਂਪਸ ਅੰਦਰ ਯੂਨੀਵਰਸਿਟੀ ਦੁਆਰਾ, ਚਲਾਈ ਜਾ ਰਹੀ ਜਾਂ ਪ੍ਰਬੰਧ ਕੀਤੀ ਗਈ, ਕੋਈ ਸੰਸਥਾ ਜਾਂ ਕਾਲਜ ਜਾਂ ਅਕਾਦਮਿਕ ਕੇਂਦਰ (ਜੋ ਕਿ ਕਿਸੇ ਵੀ ਨਾਂ ਨਾਲ ਜਾਣਿਆ ਜਾਂਦਾ ਹੋਵੇ);

(ਜ) 'ਐਮ.ਆਈ.ਸੀ.' ਦਾ ਮਤਲਬ ਹੈ ਭਾਰਤ ਦੀ ਮੈਡੀਕਲ ਕੌਂਸਲ;

(ਝ) 'ਮੁਕੱਰਰ' ਦਾ ਮਤਲਬ ਹੈ ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੁਆਰਾ ਮੁਕੱਰਰ ਕੀਤਾ ਗਿਆ;

(ਞ) 'ਰਜਿਸਟਰਾਰ' ਦਾ ਮਤਲਬ ਹੈ ਯੂਨੀਵਰਸਿਟੀ ਦਾ ਰਜਿਸਟਰਾਰ;

(ਟ) 'ਰਾਜ ਸਰਕਾਰ' ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ;

(ਠ) 'ਪ੍ਰਵਿਧਾਨਾਂ', 'ਆਰਡੀਨੈਂਸਾਂ' ਅਤੇ 'ਵਿਨਿਯਮਾਂ' ਦਾ ਮਤਲਬ ਹੈ ਇਸ ਦੁਆਰਾ ਇਸ ਐਕਟ ਅਧੀਨ ਬਣਾਏ ਯੂਨੀਵਰਸਿਟੀ ਦੇ 'ਪ੍ਰਵਿਧਾਨ', 'ਆਰਡੀਨੈਂਸ' ਅਤੇ 'ਵਿਨਿਯਮ';

(ਡ) 'ਅਧਿਆਪਕ', ਜਿਸ ਵਿੱਚ ਪ੍ਰੋਫ਼ੈਸਰ, ਰੀਡਰ ਐਸੋਸੀਏਟ ਪ੍ਰੋਫ਼ੈਸਰ, ਸਹਾਇਕ ਪ੍ਰੋਫ਼ੈਸਰ, ਲੈਕਚਰਾਰ ਅਤੇ ਕੋਈ ਅਜਿਹਾ ਦੂਸਰਾ ਵਿਅਕਤੀ ਜੋ ਯੂਨੀਵਰਸਿਟੀ ਵਿੱਚ ਸਿੱਖਿਆ ਦਿੰਦਾ ਹੈ, ਸ਼ਾਮਲ ਹਨ;

(ਢ) 'ਟ੍ਰਸਟ' ਦਾ ਮਤਲਬ ਹੈ ਸੋਸਾਇਟੀ ਰਜਿਸਟ੍ਰੇਸ਼ਨ ਐਕਟ, 1860 (1860 ਦਾ ਧਧਜ਼) ਅਧੀਨ ਰਜਿਸਟਰਸ਼ੁਦਾ ਸ੍ਰੀ ਗੁਰੂ ਰਾਮਦਾਸ ਸਿਹਤ ਵਿਗਿਆਨ ਯੂਨੀਵਰਸਿਟੀ ਟ੍ਰਸਟ;

(ਣ) 'ਯੂਨੀਵਰਸਿਟੀ' ਦਾ ਮਤਲਬ ਹੈ ਇਸ ਐਕਟ ਦੀ ਧਾਰਾ 3 ਅਧੀਨ ਸਥਾਪਤ ਸ੍ਰੀ ਗੁਰੂ ਰਾਮਦਾਸ ਸਿਹਤ ਵਿਗਿਆਨ ਯੂਨੀਵਰਸਿਟੀ;

(ਤ) 'ਵਾਈਸ-ਚਾਂਸਲਰ' ਦਾ ਮਤਲਬ ਹੈ ਯੂਨੀਵਰਸਿਟੀ ਦਾ ਵਾਈਸ-ਚਾਂਸਲਰ; ਅਤੇ

(ਥ) 'ਵਿਜ਼ਿਟਰ' ਦਾ ਮਤਲਬ ਹੈ ਯੂਨੀਵਰਸਿਟੀ ਦਾ ਵਿਜ਼ਿਟਰ।

3. (1) ਪੰਜਾਬ ਰਾਜ ਵਿੱਚ ਸ੍ਰੀ ਗੁਰੂ ਰਾਮਦਾਸ ਸਿਹਤ ਵਿਗਿਆਨ ਯੂਨੀਵਰਸਿਟੀ ਦੇ ਨਾਂ ਨਾਲ ਇੱਕ ਪ੍ਰਾਈਵੇਟ ਯੂਨੀਵਰਸਿਟੀ ਸਥਾਪਤ ਕੀਤੀ ਜਾਵੇਗੀ। ਯੂਨੀਵਰਸਿਟੀ ਦੀ ਸਥਾਪਨਾ।

(2) ਯੂਨੀਵਰਸਿਟੀ ਇਸ ਐਕਟ ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਟ੍ਰਸਟ ਦੁਆਰਾ ਚਲਾਈ ਅਤੇ ਉਸ ਦੁਆਰਾ ਉਸਦਾ ਪ੍ਰਬੰਧ ਕੀਤਾ ਜਾਵੇਗਾ।

(3) ਯੂਨੀਵਰਸਿਟੀ ਉਪ-ਧਾਰਾ (1) ਵਿੱਚ ਜ਼ਿਕਰ ਕੀਤੇ ਨਾਂ ਦੁਆਰਾ ਇੱਕ

ਨਿਗਮਤ ਬੌਡੀ ਹੋਵੇਗੀ ਅਤੇ ਇਸ ਦਾ ਸਦੀਵੀ ਉਤਰਾਧਿਕਾਰ ਹੋਵੇਗਾ ਅਤੇ ਇਸ ਦੀ ਇੱਕ ਸਾਂਝੀ ਮੁਹਰ ਹੋਵੇਗੀ। ਇਸ ਕੋਲ ਚੁੱਕਵੀਂ ਅਤੇ ਅਚੁੱਕਵੀਂ ਦੋਵੇਂ ਤਰ੍ਹਾਂ ਦੀਆਂ ਸੰਪੱਤੀਆਂ ਨੂੰ ਅਰਜਤ ਕਰਨ, ਧਾਰਨ ਕਰਨ ਅਤੇ ਉਸ ਦਾ ਨਿਬੇੜਾ ਕਰਨ ਅਤੇ ਮੁਆਇਦਾ ਕਰਨ ਦੀ ਸ਼ਕਤੀ ਹੋਵੇਗੀ ਅਤੇ ਉਕਤ ਨਾਂ ਨਾਲ ਉਹ ਦਾਵਾ ਕਰ ਸਕੇਗੀ ਅਤੇ ਉਸ ਤੇ ਦਾਵਾ ਕੀਤਾ ਜਾ ਸਕੇਗਾ।

(4) ਯੂਨੀਵਰਸਿਟੀ ਦਾ ਮੁੱਖ ਦਫ਼ਤਰ ਮਹਿਤਾ ਰੋਡ, ਵੱਲਹਾ, ਸ੍ਰੀ ਅੰਮ੍ਰਿਤਸਰ ਵਿਖੇ ਹੋਵੇਗਾ।

(5) ਯੂਨੀਵਰਸਿਟੀ ਸਵੈ-ਵਿੱਤ ਪੋਸ਼ਣ ਹੋਵੇਗੀ ਅਤੇ ਇਹ ਰਾਜ ਸਰਕਾਰ ਪਾਸੋਂ ਕੋਈ ਗ੍ਰਾਂਟ ਜਾਂ ਕਿਸੇ ਹੋਰ ਵਿੱਤੀ ਸਹਾਇਤਾ ਪ੍ਰਾਪਤ ਕਰਨ ਲਈ ਹੱਕਦਾਰ ਨਹੀਂ ਹੋਵੇਗੀ।

ਯੂਨੀਵਰਸਿਟੀ ਦੇ ਉਦੇਸ਼।

4. ਯੂਨੀਵਰਸਿਟੀ ਦੇ ਹੇਠ-ਲਿਖੇ ਉਦੇਸ਼ ਹੋਣਗੇ,-

(i) ਜ਼ਰੂਰਤਾਂ ਅਨੁਸਾਰ ਅਤੇ ਜਿਵੇਂ ਯੂਨੀਵਰਸਿਟੀ ਦੁਆਰਾ ਮੈਡੀਕਲ ਸਿੱਖਿਆ ਦੀਆਂ ਸਾਰੀਆਂ ਵਿਧੀਆਂ ਰਾਹੀਂ ਜ਼ਰੂਰੀ ਸਮਝਿਆ ਜਾਵੇ, ਜੋ ਭਵਿੱਖ ਵਿੱਚ ਉਭਰ ਸਕਦੇ ਹਨ ਜਾਂ ਸੁਸੰਗਤ ਬਣ ਸਕਦੇ ਹਨ, ਸਿਹਤ ਵਿਗਿਆਨ ਦੇ ਸਾਰੇ ਵਿਸ਼ਿਆਂ ਵਿੱਚ ਸਾਰੇ ਪੱਧਰਾਂ ਤੇ ਸਿੱਖਿਆ, ਅਧਿਆਪਨ, ਵਿੱਦਿਆ, ਖੋਜ ਅਤੇ ਸਿਖਲਾਈ ਪ੍ਰਦਾਨ ਕਰਨਾ;

(ii) ਮੈਡੀਕਲ ਅਤੇ ਸਬੰਧਤ ਖੇਤਰਾਂ ਵਿੱਚ ਪੇਂਡੂ ਵਿਦਿਆਰਥੀਆਂ ਦੇ ਅਕਾਦਮਿਕ ਟੀਚਿਆਂ ਨੂੰ ਪ੍ਰਫੁੱਲਤ ਕਰਨਾ;

(iii) ਉਦਯੋਗ ਆਧਾਰਤ ਅਧਿਆਪਨ, ਸਿਖਲਾਈ ਅਤੇ ਖੋਜ ਦੇ ਵਿਸਤਾਰ ਪ੍ਰੋਗਰਾਮਾਂ ਨੂੰ ਆਪਣੇ ਜ਼ਿੰਮੇ ਲੈਣਾ ਅਤੇ ਸਮਾਜ ਦੇ ਵਿਕਾਸ ਵਿੱਚ ਯੋਗਦਾਨ ਦੇਣ ਦੀ ਦ੍ਰਿਸ਼ਟੀ ਤੋਂ ਰੁਜ਼ਗਾਰ ਯੋਗ ਹੁਨਰ ਪ੍ਰਦਾਨ ਕਰਨਾ;

(iv) ਗਿਆਨ, ਬੁੱਧੀ ਅਤੇ ਸਮਝ ਦੀ ਖੋਜ, ਸਿਰਜਣਾ, ਉੱਨਤੀ ਅਤੇ ਪ੍ਰਸਾਰ ਕਰਨ ਲਈ ਵਿਵਸਥਾ ਕਰਨਾ;

(v) ਅਕਾਦਮਿਕ ਉਦਯੋਗ ਸਬੰਧ ਲਈ ਮੁੱਖ ਉਦਯੋਗਿਕ ਘਰਾਣਿਆਂ ਨੂੰ ਕੈਂਪਸ ਵਿੱਚ ਉਹਨਾਂ ਦੇ ਸੰਬੰਧਤ ਨਿਗਮਤ ਸੰਸਥਾਵਾਂ ਨੂੰ ਸਥਾਪਤ ਕਰਨ ਲਈ ਉਤਸ਼ਾਹਿਤ ਅਤੇ ਪ੍ਰੇਰਿਤ ਕਰਨਾ;

(vi) ਗਿਆਨ ਦਾ ਪ੍ਰਸਾਰ ਕਰਨਾ ਤਾਂ ਜੋ ਇਸ ਨੂੰ ਸਮਾਜ ਦੀ ਹਰ ਸ਼੍ਰੇਣੀ ਤੱਕ ਪਹੁੰਚਯੋਗ ਬਣਾਇਆ ਜਾ ਸਕੇ; ਅਤੇ

(vii) ਅਜਿਹੇ ਸਭ ਕਾਰਜਾਂ ਨੂੰ ਕਰਨਾ ਜਿਵੇਂ ਕਿ ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਵਧਾਵਾ ਦੇਣ ਲਈ ਜ਼ਰੂਰੀ ਜਾਂ ਵਾਂਛਣੀ ਹੋਣ।

5. ਯੂਨੀਵਰਸਿਟੀ ਦੀਆਂ ਹੇਠ-ਲਿਖੀਆਂ ਸ਼ਕਤੀਆਂ ਅਤੇ ਕਾਜਕਾਰ ਹੋਣਗੇ ਜੋ ਕਿ ਉਸ ਦੁਆਰਾ ਜਾਂ ਉਸ ਦੇ ਅਧਿਕਾਰੀਆਂ ਅਤੇ ਅਥਾਰਟੀਆਂ ਦੁਆਰਾ ਵਰਤੋਂ ਕੀਤੀਆਂ ਜਾਣਗੀਆਂ ਅਤੇ ਨਿਭਾਏ ਜਾਣਗੇ, ਅਰਥਾਤ:- ਯੂਨੀਵਰਸਿਟੀ ਦੀਆਂ ਸ਼ਕਤੀਆਂ ਅਤੇ ਕਾਜਕਾਰ।

(i) ਅਧਿਐਨ, ਅਧਿਆਪਨ, ਸਿਖਲਾਈ, ਖੋਜ, ਮਸ਼ਵਰੇ ਦੇ ਕੋਰਸਾਂ ਨੂੰ ਸ਼ੁਰੂ ਕਰਨ ਸਬੰਧੀ (ਪਾਠਕ੍ਰਮ ਨੂੰ ਅਪਣਾਉਣ ਅਤੇ ਇਸ ਨੂੰ ਆਧੁਨਿਕ ਬਣਾਉਣ ਸਮੇਤ) ਅਤੇ ਇਨ੍ਹਾਂ ਕੋਰਸਾਂ ਨਾਲ ਸਬੰਧਤ ਆਨਲਾਈਨ ਸਿੱਖਿਆ ਦੇ ਤਰੀਕਿਆਂ ਸਮੇਤ, ਰਵਾਇਤੀ ਅਤੇ ਨਾਲ-ਨਾਲ ਨਵੇਂ ਨਵੀਨਕਾਰੀ ਤਰੀਕਿਆਂ ਰਾਹੀਂ ਸੰਬੱਧੀਕਰਨ ਪ੍ਰਦਾਨ ਕਰਨ ਲਈ ਸਾਰੇ ਉਪਾਅ ਕਰਨੇ ਅਤੇ ਵਿਵਸਥਾਵਾਂ ਕਰਨੀਆਂ;

(ii) ਡਾਕਟਰੇਟ, ਮਾਸਟਰਜ਼, ਡਿਗਰੀਆਂ, ਡਿਪਲੋਮੇ ਅਤੇ ਸਰਟੀਫਿਕੇਟ ਪ੍ਰਦਾਨ ਕਰਨਾ ਜਾਂ ਦੇਣ ਲਈ ਪ੍ਰੀਖਿਆਵਾਂ ਕਰਵਾਉਣੀਆਂ;

(iii) ਜਿਵੇਂ ਵੀ ਯੂਨੀਵਰਸਿਟੀ ਦੁਆਰਾ ਇਸ ਦੇ ਕੈਂਪਸ ਜਾਂ ਇਸ ਦੀਆਂ ਸੰਸਥਾਵਾਂ ਨੂੰ ਲੋੜੀਂਦਾ ਹੋਵੇ ਉਸ ਅਨੁਸਾਰ ਪ੍ਰੋਫ਼ੈਸਰ, ਐਸੋਸੀਏਟ ਪ੍ਰੋਫ਼ੈਸਰ, ਸਹਾਇਕ ਪ੍ਰੋਫ਼ੈਸਰ, ਰੀਡਰ, ਲੈਕਚਰਾਰ ਜਾਂ ਇਸ ਦੇ ਬਰਾਬਰ ਦੇ ਕਿਸੇ ਹੋਰ ਅਹੁਦੇ ਨੂੰ ਸੰਸਥਿਤ ਅਤੇ ਪ੍ਰਦਾਨ ਕਰਨਾ ਅਤੇ ਅਜਿਹੇ ਵਿਅਕਤੀਆਂ ਦੀ ਨਿਯੁਕਤੀ ਕਰਨੀ;

(iv) ਫ਼ੈਲੋਸ਼ਿਪਾਂ, ਵਜ਼ੀਫ਼ੇ, ਵਿਦਿਆਰਥੀ-ਵਜ਼ੀਫ਼ਾ, ਪ੍ਰਦਰਸ਼ਨੀ ਸੰਸਥਿਤ ਕਰਨਾ ਅਤੇ ਦੇਣਾ, ਜਿਵੇਂ ਮੁਕੱਰਰ ਕੀਤਾ ਜਾਵੇ;

(v) ਉਨ੍ਹਾਂ ਵਿਦਿਆਰਥੀਆਂ ਨੂੰ ਜਿਨ੍ਹਾਂ ਵੱਲੋਂ ਕਿਸੇ ਦੂਸਰੀ ਮਾਨਤਾ ਪ੍ਰਾਪਤ ਯੂਨੀਵਰਸਿਟੀ, ਬੋਰਡ ਜਾਂ ਪਰਿਸ਼ਦ ਜਾਂ ਭਾਰਤ ਵਿੱਚ ਕਿਸੇ ਹੋਰ ਸ਼ਕਤਵਾਨ ਅਥਾਰਟੀ ਤੋਂ ਅੰਸ਼ਿਕ ਜਾਂ ਪੂਰਨ ਤੌਰ ਤੇ ਕੋਰਸ ਪੂਰੇ ਕੀਤੇ ਗਏ ਹਨ, ਉਹਨਾਂ ਦੀਆਂ ਡਿਗਰੀਆਂ, ਡਿਪਲੋਮੇ ਅਤੇ ਸਰਟੀਫਿਕੇਟਾਂ ਨੂੰ ਬਰਾਬਰਤਾ ਪ੍ਰਦਾਨ ਕਰਨੀ;

(vi) ਪਰਸਪਰ ਆਧਾਰ ਤੇ ਦੂਸਰੀਆਂ ਯੂਨੀਵਰਸਿਟੀਆਂ ਦੀ ਤੁਲਨਾ ਵਿੱਚ ਦੋਹਰੀ ਡਿਗਰੀ, ਡਿਪਲੋਮਾ ਜਾਂ ਸਰਟੀਫਿਕੇਟ ਪ੍ਰਦਾਨ ਕਰਨੇ;

(vii) ਕੇਂਦਰੀ ਲਾਇਬਰੇਰੀ, ਵਿਭਾਗੀ ਲਾਇਬ੍ਰੇਰੀਆਂ, ਅਜਾਇਬ-ਘਰ ਅਤੇ ਸਮਵਰਤੀ ਮਾਮਲਿਆਂ ਨੂੰ ਸਥਾਪਤ ਕਰਨਾ;

(viii) ਪੰਜਾਬ ਨਿੱਜੀ ਸਿਹਤ ਵਿਗਿਆਨ ਵਿੱਦਿਅਕ ਸੰਸਥਾਵਾਂ (ਦਾਖਲੇ ਦਾ ਵਿਨਿਯਮ, ਫ਼ੀਸ ਦਾ ਨਿਯਤ ਹੋਣਾ ਅਤੇ ਰਾਖਵਾਂਕਰਨ ਬਣਾਉਣਾ) ਐਕਟ, 2006 ਦੇ ਅਨੁਸਾਰ ਫ਼ੀਸਾਂ ਅਤੇ ਹੋਰ ਖਰਚਿਆਂ ਦੀ ਮੰਗ ਕਰਨੀ ਅਤੇ ਇਕੱਠਾ ਕਰਨਾ;

(ix) ਯੂਨੀਵਰਸਿਟੀ ਦੇ ਪੱਖ ਵਿੱਚ ਬਣਾਏ ਗਏ ਟ੍ਰਸਟ ਅਤੇ ਇੰਡੋਮੈਂਟ ਦੇ ਫ਼ੰਡਾਂ ਨੂੰ ਧਾਰਣ ਕਰਨਾ, ਉਸ ਦਾ ਪ੍ਰਬੰਧ ਕਰਨਾ ਅਤੇ ਉਨ੍ਹਾਂ ਦੀ ਵਰਤੋਂ ਕਰਨਾ;

(x) ਮਾਨ-ਅਰਥ ਡਿਗਰੀਆਂ ਸੰਸਥਿਤ ਅਤੇ ਪ੍ਰਦਾਨ ਕਰਨਾ, ਜਿਵੇਂ ਕਿ ਮੁਕੱਰਰ ਕੀਤਾ ਜਾਵੇ;

(xi) ਅਕਾਦਮਿਕ ਉੱਤਮਤਾ ਦੇ ਕਾਰਜਾਂ ਨੂੰ ਛਾਪਣਾ ਅਤੇ ਪ੍ਰਕਾਸ਼ਤ ਕਰਨਾ ਅਤੇ ਉੱਤਮਤਾ ਦੀਆਂ ਚੇਅਰਾਂ ਸਥਾਪਤ ਕਰਨਾ;

(xii) ਸਮਾਜ ਦੇ ਵਿੱਦਿਅਕ ਤੌਰ ਤੇ ਪੱਛੜੇ ਸਤਰ ਵਿੱਚ ਸਿਹਤ/ਮੈਡੀਕਲ ਵਿੱਦਿਅਕ ਸਹੂਲਤਾਂ ਦੇ ਪ੍ਰਸਾਰ ਲਈ ਵਿਸ਼ੇਸ਼ ਉਪਾਅ ਕਰਨਾ;

(xiii) ਖੇਡਾਂ ਨੂੰ ਉਤਸ਼ਾਹਿਤ ਅਤੇ ਪ੍ਰਫੁੱਲਤ ਕਰਨਾ;

(xiv) ਤਕਨੀਕੀ, ਪ੍ਰਬੰਧਕੀ, ਮਨਿਸਟੀਰੀਅਲ ਅਤੇ ਹੋਰ ਜ਼ਰੂਰੀ ਆਸਾਮੀਆਂ ਦੀ ਸਿਰਜਨਾ ਕਰਨਾ ਅਤੇ ਉਨ੍ਹਾਂ ਤੇ ਨਿਯੁਕਤੀਆਂ ਕਰਨਾ;

(xv) ਐੱਮ.ਸੀ.ਆਈ., ਆਈ.ਐੱਨ.ਸੀ. ਅਤੇ ਮੈਡੀਕਲ ਸਿੱਖਿਆ ਨਾਲ ਸਬੰਧਤ ਕਿਸੇ ਹੋਰ ਰੈਗੂਲੇਟਰੀ ਬੌਡੀਆਂ ਅਤੇ ਮੈਡੀਕਲ ਸਿੱਖਿਆ ਨਾਲ ਸਬੰਧਤ ਹੋਰ ਕੇਂਦਰੀ ਜਾਂ ਰਾਜ ਏਜੰਸੀ ਪਾਸੋਂ ਗ੍ਰਾਂਟਾਂ ਪ੍ਰਾਪਤ ਕਰਨੀਆਂ;

(xvi) ਯੂਨੀਵਰਸਿਟੀ ਲਈ ਉਧਾਰ ਲੈਣਾ ਅਤੇ ਪੇਸ਼ਗੀ ਰਕਮ ਨੂੰ ਪ੍ਰਾਪਤ ਕਰਨਾ ਅਤੇ ਧਨ ਇਕੱਠਾ ਕਰਨਾ;

(xvii) ਖੇਤੀਬਾੜੀ, ਉਦਯੋਗ ਅਤੇ ਕਾਰੋਬਾਰ ਦੇ ਬਾਰੇ ਪਰਸਪਰ ਤੌਰ ਤੇ ਸਵੀਕਾਰਯੋਗ ਨਿਬੰਧਨਾਂ ਅਤੇ ਸ਼ਰਤਾਂ 'ਤੇ ਖੋਜ ਪ੍ਰੋਜੈਕਟਾਂ ਦਾ ਜ਼ਿੰਮਾ ਲੈਣਾ;

(xviii) ਮਸ਼ਵਰਾ ਸੇਵਾਵਾਂ ਮੁਹੱਈਆ ਕਰਨਾ;

(xix) ਯੂਨੀਵਰਸਿਟੀ ਦੇ ਵਿਦਿਆਰਥੀਆਂ, ਅਧਿਆਪਕਾਂ ਅਤੇ ਕਰਮਚਾਰੀਆਂ ਦੀ ਸਖ਼ਸੀਅਤ ਵਿਕਾਸ ਲਈ ਪਾਠਕ੍ਰਮ ਤੋਂ ਬਾਹਰਲੀਆਂ ਸਰਗਰਮੀਆਂ ਨੂੰ ਉਤਸ਼ਾਹਿਤ ਕਰਨਾ ਅਤੇ ਪ੍ਰਫੁੱਲਤ ਕਰਨਾ;

(xx) ਯੂਨੀਵਰਸਿਟੀ ਵਿੱਚ ਨਿਹਿਤ ਜਾਂ ਯੂਨੀਵਰਸਿਟੀ ਨਾਲ ਸਬੰਧਤ ਕਿਸੇ ਚੁੱਕਵੀਂ ਅਤੇ ਅਚੁੱਕਵੀਂ ਸੰਪੱਤੀ ਨੂੰ ਖਰੀਦਣਾ, ਅਰਜਤ ਕਰਨਾ ਅਤੇ ਪੱਟੇ ਤੇ ਲੈਣਾ ਜਾਂ ਰਹਿਨ ਕਰਨਾ ਅਤੇ ਕਿਸੇ ਵੀ ਚੁੱਕਵੀਂ ਅਤੇ ਅਚੁੱਕਵੀਂ ਸੰਪੱਤੀ ਨੂੰ ਵੇਚਣਾ, ਪੱਟੇ ਤੇ ਦੇਣਾ, ਰਹਿਨ ਕਰਨਾ, ਹੱਥ ਬਦਲੀ ਕਰਨਾ ਅਤੇ ਇੰਤਕਾਲ ਕਰਨਾ;

(xxi) ਵਿਦਿਆਰਥੀਆਂ ਦੀਆਂ ਵੱਖ-ਵੱਖ ਸ਼੍ਰੇਣੀਆਂ ਲਈ ਫ਼ੀਸ ਢਾਂਚਾ ਮੁਕੱਰਰ ਕਰਨਾ;

(xxii) ਪਰਸਪਰ ਤੌਰ 'ਤੇ ਸਵੀਕਾਰਯੋਗ ਨਿਬੰਧਨਾਂ ਅਤੇ ਸ਼ਰਤਾਂ ਤੇ ਹੋਰ ਸੰਸਥਾਵਾਂ ਨਾਲ ਮਿਲਵਰਤਨ ਚਾਹੁਣਾ;

(xxiiii) ਐੱਮ.ਸੀ.ਆਈ., ਆਈ.ਐੱਨ.ਸੀ. ਅਤੇ ਮੈਡੀਕਲ ਸਿੱਖਿਆ ਨਾਲ ਸਬੰਧਤ ਕਿਸੇ ਹੋਰ ਰੈਗੂਲੇਟਰੀ ਬੌਡੀਆਂ ਦੁਆਰਾ ਉਲਿਖਤ ਕੀਤੇ ਗਏ ਮਾਪਦੰਡਾਂ ਅਨੁਸਾਰ ਯੂਨੀਵਰਸਿਟੀ ਦੇ ਕਰਮਚਾਰੀਆਂ ਅਤੇ ਅਧਿਆਪਕਾਂ ਦੀਆਂ ਤਨਖਾਹਾਂ, ਮਿਹਨਤਾਨੇ ਅਤੇ ਮਾਣ-ਭੱਤੇ ਨੂੰ ਨਿਸ਼ਚਿਤ ਕਰਨਾ, ਨਿਰਧਾਰਤ ਕਰਨਾ ਅਤੇ ਉਹਨਾਂ ਨੂੰ ਮੁਹੱਈਆ ਕਰਵਾਉਣਾ;

(xxiv) ਸਵੈ-ਪ੍ਰਮਾਣਨ ਕਰਨਾ ਜਿਸ ਨੂੰ ਰਾਜ ਸਰਕਾਰ ਜਾਂ ਰਾਜ ਸਰਕਾਰ ਦੁਆਰਾ ਬਣਾਈ ਗਈ ਕਿਸੇ ਹੋਰ ਬੌਡੀ ਪਾਸੋਂ ਕਿਸੇ ਆਗਿਆ, ਪ੍ਰਵਾਨਗੀ, ਲਸੰਸ, ਸਰਟੀਫਿਕੇਟ, ਇਤਰਾਜ਼ਹੀਣਤਾ ਸਰਟੀਫਿਕੇਟ ਜਾਂ ਅਧਿਕਾਰ ਪ੍ਰਾਪਤ ਕਰਨ ਤੋਂ ਛੋਟ ਦਿੱਤੀ ਜਾਵੇਗੀ;

(xxv) ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਸਿਰੇ ਚਾੜ੍ਹਨ ਲਈ ਪ੍ਰਵਿਧਾਨ, ਆਰਡੀਨੈਂਸ ਅਤੇ ਵਿਨਿਯਮ ਬਣਾਉਣੇ; ਅਤੇ

(xxvi) ਅਜਿਹੇ ਹੋਰ ਸਭ ਕਾਰਜ ਕਰਨਾ, ਜੋ ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਜ਼ਰੂਰੀ ਜਾਂ ਵਾਂਛਨੀ ਹੋ ਸਕਦੇ ਹੋਣ।

ਯੂਨੀਵਰਸਿਟੀ ਦੀ ਅਧਿਕਾਰਤਾ।

6. (1) ਯੂਨੀਵਰਸਿਟੀ ਆਪਣੇ ਕੈਂਪਸਾਂ ਦੇ ਅੰਦਰ ਹੀ ਆਪਣੀ ਅਧਿਕਾਰਤਾ ਦੀ ਵਰਤੋਂ ਕਰੇਗੀ।

(2) ਯੂਨੀਵਰਸਿਟੀ ਉਨ੍ਹਾਂ ਵਿੱਦਿਅਕ ਜਾਂ ਪੇਸ਼ੇਵਰ ਸੰਸਥਾਵਾਂ ਨੂੰ ਆਪਣੇ ਨਾਲ ਸੰਬੱਧ ਕਰੇਗੀ ਜਿਹੜੀਆਂ ਕੈਂਪਸ ਅੰਦਰ ਟ੍ਰਸਟ ਦੁਆਰਾ ਸਥਾਪਤ ਕੀਤੀਆਂ, ਚਲਾਈਆਂ ਜਾਂਦੀਆਂ ਹਨ ਜਾਂ ਉਹਨਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ ਜਿਨ੍ਹਾਂ ਬਾਬਤ ਟ੍ਰਸਟ ਦੁਆਰਾ ਵਿਸ਼ੇਸ਼ ਫ਼ੈਸਲਾ ਲਿਆ ਜਾਂਦਾ ਹੈ।

ਯੂਨੀਵਰਸਿਟੀ ਦੇ ਅਧਿਕਾਰੀ।

7. (1) ਯੂਨੀਵਰਸਿਟੀ ਦੇ ਹੇਠ-ਲਿਖੇ ਅਧਿਕਾਰੀ ਹੋਣਗੇ, ਅਰਥਾਤ:-

(i) ਵਿਜ਼ਿਟਰ;

(ii) ਚਾਂਸਲਰ;

(iii) ਵਾਈਸ-ਚਾਂਸਲਰ;

(iv) ਰਜਿਸਟਰਾਰ;

(v) ਫੈਕਲਟੀਆਂ ਦੇ ਡੀਨ;

(vi) ਮੁੱਖ ਵਿੱਤ ਅਤੇ ਲੇਖਾ ਅਧਿਕਾਰੀ; ਅਤੇ

(vii) ਯੂਨੀਵਰਸਿਟੀ ਦੇ ਅਜਿਹੇ ਹੋਰ ਅਧਿਕਾਰੀ, ਜਿਵੇਂ ਕਿ ਪ੍ਰਵਿਧਾਨਾਂ ਦੁਆਰਾ ਯੂਨੀਵਰਸਿਟੀ ਦੇ ਅਧਿਕਾਰੀ ਐਲਾਨੇ ਜਾਣ।

ਵਿਜ਼ਿਟਰ। 8. (1) ਪੰਜਾਬ ਦਾ ਰਾਜਪਾਲ ਯੂਨੀਵਰਸਿਟੀ ਦਾ ਵਿਜ਼ਿਟਰ ਹੋਵੇਗਾ।

(2) ਵਿਜ਼ਿਟਰ ਡਿਗਰੀਆਂ ਅਤੇ ਡਿਪਲੋਮੇ ਪ੍ਰਦਾਨ ਕਰਨ ਲਈ ਯੂਨੀਵਰਸਿਟੀ ਦੀ ਕਨਵੋਕੇਸ਼ਨ ਦੀ ਪ੍ਰਧਾਨਗੀ ਕਰੇਗਾ।

(3) ਵਿਜ਼ਿਟਰ ਨੂੰ ਯੂਨੀਵਰਸਿਟੀ ਦੇ ਮਾਮਲਿਆਂ ਸਬੰਧੀ ਕੋਈ ਵੀ ਸੂਚਨਾ ਲੈਣ ਦਾ ਅਧਿਕਾਰ ਹੋਵੇਗਾ।

(4) ਵਿਜ਼ਿਟਰ, ਚਾਂਸਲਰ ਨਾਲ ਮਸ਼ਵਰਾ ਕਰਕੇ, ਅਜਿਹੇ ਵਿਅਕਤੀ ਦੁਆਰਾ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਜਾਂ ਅਜਿਹੀ ਕੋਈ ਹੋਰ ਗੱਲ ਕਰਵਾ ਸਕੇਗਾ, ਜਿਵੇਂ ਕਿ ਉਹ ਯੂਨੀਵਰਸਿਟੀ ਦੇ ਪ੍ਰਬੰਧਕੀ, ਅਕਾਦਮਿਕ ਜਾਂ ਕਾਰਜਕਾਰੀ ਮਾਮਲਿਆਂ ਦੇ ਸੰਬੰਧ ਵਿੱਚ ਨਿਰਦੇਸ਼ ਦੇ ਸਕਦਾ ਹੋਵੇ।

(5) ਵਿਜ਼ਿਟਰ, ਹਰੇਕ ਮਾਮਲੇ ਵਿੱਚ, ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਜਾਂ ਅਜਿਹੀ ਕੋਈ ਹੋਰ ਗੱਲ ਕਰਵਾਉਣ ਦੇ ਆਪਣੇ ਇਰਾਦੇ ਸਬੰਧੀ ਯੂਨੀਵਰਸਿਟੀ ਨੂੰ ਨੋਟਿਸ ਦੇਵੇਗਾ ਅਤੇ ਜਿਹੀ ਕਿ ਸੂਰਤ ਹੋਵੇ, ਯੂਨੀਵਰਸਿਟੀ ਆਪਣਾ ਇੱਕ ਪ੍ਰਤੀਨਿਧ ਨਿਯੁਕਤ ਕਰੇਗੀ, ਜੋ ਅਜਿਹੇ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਜਾਂ ਅਜਿਹੀ ਕੋਈ ਹੋਰ ਗੱਲ ਕਰਨ ਦੇ ਸਮੇਂ ਹਾਜ਼ਰ ਰਹੇਗਾ।

(6) ਵਿਜ਼ਿਟਰ ਅਜਿਹੇ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਦੇ ਨਤੀਜਿਆਂ ਬਾਰੇ ਵਾਈਸ-ਚਾਂਸਲਰ ਨੂੰ ਸੂਚਿਤ ਕਰ ਸਕੇਗਾ ਅਤੇ ਵਾਈਸ-ਚਾਂਸਲਰ ਵਿਜ਼ਿਟਰ ਦੇ ਵਿਚਾਰਾਂ ਨਾਲ ਅਜਿਹੀ ਸਲਾਹ 'ਤੇ, ਜੋ ਵਿਜ਼ਿਟਰ ਵੱਲੋਂ ਦਿੱਤੀ ਗਈ ਹੋਵੇ, ਅਤੇ ਅਜਿਹੀ ਸਲਾਹ ਤੇ ਕੀਤੀ ਗਈ ਕਾਰਵਾਈ ਸਬੰਧੀ ਸ਼ਾਸਕ ਬੌਡੀ ਨੂੰ ਸੂਚਨਾ ਦੇਵੇਗਾ।

(7) ਵਾਈਸ-ਚਾਂਸਲਰ ਵਿਜ਼ਿਟਰ ਨੂੰ ਉਸ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਜਾਂ ਅਜਿਹੀ ਹੀ ਕਿਸੇ ਹੋਰ ਗੱਲ, ਜਿਹੀ ਕਿ ਸੂਰਤ ਹੋਵੇ, ਦੇ ਬਾਰੇ ਯੂਨੀਵਰਸਿਟੀ ਦੁਆਰਾ ਕੀਤੀ ਗਈ ਕਾਰਵਾਈ ਜਾਂ ਤਜਵੀਜ਼ ਕੀਤੀ ਗਈ ਕਾਰਵਾਈ ਬਾਰੇ ਸੂਚਿਤ ਕਰੇਗਾ।

(8) ਜੇ ਰਾਜ ਸਰਕਾਰ ਲੋਕ ਹਿੱਤ ਵਿੱਚ ਯੂਨੀਵਰਸਿਟੀ ਜਾਂ ਉਸ ਦੀਆਂ ਸੰਸਥਾਵਾਂ ਨਾਲ ਸਬੰਧਤ ਕਿਸੇ ਮਾਮਲੇ ਬਾਰੇ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ, ਜਿਹੀ ਕਿ ਸੂਰਤ ਹੋਵੇ, ਕਰਵਾਉਣੀ ਮੁਨਾਸਬ ਸਮਝਦੀ ਹੈ ਤਾਂ ਰਾਜ ਸਰਕਾਰ ਦੁਆਰਾ ਇਸ ਬਾਰੇ ਵਿਜ਼ਿਟਰ ਨੂੰ ਹਵਾਲਾ ਕੀਤਾ ਜਾਵੇਗਾ, ਜੋ ਚਾਂਸਲਰ ਨਾਲ ਮਸ਼ਵਰਾ ਕਰਕੇ, ਅਜਿਹੇ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਕਰਵਾਏਗਾ।

ਚਾਂਸਲਰ। 9. (1) ਚੇਅਰਮੈਨ, ਯੂਨੀਵਰਸਿਟੀ ਦਾ ਚਾਂਸਲਰ ਹੋਵੇਗਾ ਅਤੇ ਚਾਂਸਲਰ, ਵਿਜ਼ਿਟਰ ਦੀ ਗੈਰ-ਹਾਜ਼ਰੀ ਵਿੱਚ ਯੂਨੀਵਰਸਿਟੀ ਦੀ ਕਨਵੋਕੇਸ਼ਨ ਦੀ ਪ੍ਰਧਾਨਗੀ ਕਰੇਗਾ।

(2) ਚਾਂਸਲਰ ਸ਼ਾਸਕ ਬੌਡੀ ਦਾ ਚੇਅਰਮੈਨ ਹੋਵੇਗਾ ਅਤੇ ਉਹ ਆਪਣੇ-ਆਪ ਜਾਂ ਯੂਨੀਵਰਸਿਟੀ ਦੀ ਸਬੰਧਤ ਅਥਾਰਟੀ ਦੀ ਸਿਫ਼ਾਰਸ਼ ਤੇ ਯੂਨੀਵਰਸਿਟੀ ਦੇ ਕਰਮਚਾਰੀਆਂ

ਅਤੇ ਅਧਿਕਾਰੀਆਂ ਦੀਆਂ ਸਾਰੀਆਂ ਨਿਯੁਕਤੀਆਂ, ਨਾਮਜ਼ਦਗੀਆਂ, ਹਟਾਇਆ ਜਾਣਾ, ਮੁਅੱਤਲੀਆਂ ਅਤੇ ਮੁੜ-ਬਹਾਲੀਆਂ ਕਰਨ ਦੀ ਪ੍ਰਵਾਨਗੀ ਦੇਵੇਗਾ।

(3) ਚਾਂਸਲਰ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਅਧਿਕਾਰੀ ਵੱਲੋਂ ਲਏ ਗਏ ਕਿਸੇ ਵੀ ਫ਼ੈਸਲੇ ਨੂੰ ਸੋਧ ਜਾਂ ਉਸ ਨੂੰ ਪਰਤਾ ਸਕੇਗਾ ਅਤੇ ਆਪਣੀਆਂ ਸ਼ਕਤੀਆਂ ਦੀ ਆਪਣੇ-ਆਪ ਜਾਂ ਕਿਸੇ ਹੋਰ ਤਰ੍ਹਾਂ ਵਰਤੋਂ ਕਰਦੇ ਹੋਏ ਯੂਨੀਵਰਸਿਟੀ ਦੇ ਕਾਜਕਾਰ ਦੇ ਸੁਯੋਗ ਸੰਚਾਲਨ ਨੂੰ ਚੱਲਦੇ ਰੱਖਣ ਲਈ ਸਾਰੇ ਲੋੜੀਂਦੇ ਕੰਮ ਕਰ ਸਕੇਗਾ।

(4) ਚਾਂਸਲਰ ਕੋਲ ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਅਤੇ ਇਸ ਨਾਲ ਅਨੁਸੰਗਕ ਕਿਸੇ ਮਾਮਲੇ ਸਬੰਧੀ ਅਜਿਹੇ ਹੋਰ ਸਾਰੇ ਕਾਰਜ ਕਰਨ ਦੀਆਂ ਸ਼ਕਤੀਆਂ ਹੋਣਗੀਆਂ ਅਤੇ ਚਾਂਸਲਰ ਵੱਲੋਂ ਲਏ ਗਏ ਸਾਰੇ ਫ਼ੈਸਲੇ ਅੰਤਿਮ ਹੋਣਗੇ ਅਤੇ ਯੂਨੀਵਰਸਿਟੀ ਨਾਲ ਸਬੰਧਤ ਸਾਰਿਆਂ ਲਈ ਬੰਧਨਕਾਰੀ ਹੋਣਗੇ।

(5) ਜੇ, ਚਾਂਸਲਰ ਦੀ ਰਾਏ ਵਿੱਚ, ਯੂਨੀਵਰਸਿਟੀ ਜਾਂ ਕਿਸੇ ਅਧਿਕਾਰੀ ਜਾਂ ਅਥਾਰਟੀ ਦਾ ਕੋਈ ਫ਼ੈਸਲਾ, ਇਸ ਐਕਟ ਜਾਂ ਪ੍ਰਵਿਧਾਨਾਂ ਜਾਂ ਆਰਡੀਨੈਂਸਾਂ ਜਾਂ ਵਿਨਿਯਮਾਂ ਅਧੀਨ ਸੌਂਪੀਆਂ ਗਈਆਂ ਸ਼ਕਤੀਆਂ ਤੋਂ ਬਾਹਰ ਹੈ ਜਾਂ ਉਸ ਦਾ ਯੂਨੀਵਰਸਿਟੀ ਦੇ ਹਿੱਤਾਂ ਤੇ ਪ੍ਰਤੀਕੂਲ ਪ੍ਰਭਾਵ ਪੈਣ ਦੀ ਸੰਭਾਵਨਾ ਹੈ ਤਾਂ ਉਹ ਅਜਿਹੇ ਅਧਿਕਾਰੀ ਜਾਂ ਅਥਾਰਟੀ ਨੂੰ ਪੰਦਰਾਂ ਦਿਨਾਂ ਦੀ ਮੁੱਦਤ ਦੇ ਅੰਦਰ-ਅੰਦਰ ਇਸ ਦੇ ਫ਼ੈਸਲੇ ਨੂੰ ਸੋਧਣ ਲਈ ਕਹੇਗਾ ਅਤੇ ਅਧਿਕਾਰੀ ਜਾਂ ਅਥਾਰਟੀ ਵੱਲੋਂ ਅਜਿਹੇ ਫ਼ੈਸਲੇ ਵਿੱਚ ਪੂਰਨ ਤੌਰ ਤੇ ਜਾਂ ਅੰਸ਼ਿਕ ਤੌਰ ਤੇ ਸੋਧ ਕਰਨ ਤੋਂ ਇਨਕਾਰ ਕਰਨ ਜਾਂ ਪੰਦਰਾਂ ਦਿਨ ਦੀ ਮੁੱਦਤ ਦੇ ਅੰਦਰ-ਅੰਦਰ ਉਸ ਤੇ ਕੋਈ ਫ਼ੈਸਲਾ ਲੈਣ ਵਿੱਚ ਅਸਫ਼ਲ ਰਹਿਣ ਦੀ ਸੂਰਤ ਵਿੱਚ ਚਾਂਸਲਰ ਦਾ ਫ਼ੈਸਲਾ ਅੰਤਿਮ ਹੋਵੇਗਾ।

(6) ਜੇ ਕਿਸੇ ਵੀ ਸਮੇਂ ਕਿਸੇ ਪ੍ਰਤੀਬੇਨਤੀ ਦੇ ਪ੍ਰਾਪਤ ਹੋਣ 'ਤੇ ਜਾਂ ਹੋਰ ਤਰ੍ਹਾਂ ਚਾਂਸਲਰ ਨੂੰ ਇਹ ਪ੍ਰਤੀਤ ਹੁੰਦਾ ਹੈ ਕਿ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਜਾਂ ਕੋਈ ਹੋਰ ਅਧਿਕਾਰੀ ਵੱਲੋਂ,-

(ੳ) ਇਸ ਐਕਟ ਅਧੀਨ ਜਾਂ ਹੋਰ ਤਰ੍ਹਾਂ ਉਸ ਤੇ ਅਰੋਪੇ ਗਏ ਕਿਸੇ ਕਰਤੱਵ ਨੂੰ ਨਿਭਾਉਣ ਵਿੱਚ ਕੋਤਾਹੀ ਕੀਤੀ ਗਈ ਹੈ; ਜਾਂ

(ਅ) ਕੋਈ ਕਾਰਵਾਈ ਇਸ ਤਰੀਕੇ ਨਾਲ ਕੀਤੀ ਗਈ ਹੈ ਜੋ ਕਿ ਯੂਨੀਵਰਸਿਟੀ ਦੇ ਹਿੱਤਾਂ ਦੇ ਪ੍ਰਤੀਕੂਲ ਹੈ; ਜਾਂ

(ੲ) ਯੂਨੀਵਰਸਿਟੀ ਦੇ ਮਾਮਲਿਆਂ ਦਾ ਪ੍ਰਬੰਧਨ ਕਰਨ ਵਿੱਚ ਅਸਮਰੱਥ ਹੈ, ਤਾਂ ਚਾਂਸਲਰ ਇਸ ਤੱਥ ਦੇ ਹੁੰਦਿਆਂ ਹੋਇਆਂ ਵੀ ਕਿ ਉਸ ਅਧਿਕਾਰੀ ਦੀ ਅਉਧ ਗੁਜ਼ਰੀ ਨਹੀਂ ਹੈ, ਲਿਖਤੀ ਹੁਕਮਾਂ ਦੁਆਰਾ ਕਾਰਨ ਦੱਸਦੇ ਹੋਏ ਵਾਈਸ-ਚਾਂਸਲਰ ਜਾਂ ਸਬੰਧਤ ਅਧਿਕਾਰੀ ਨੂੰ ਅਜਿਹੀ ਤਰੀਕ ਤੋਂ ਆਪਣਾ ਅਹੁਦਾ ਛੱਡਣ ਦੀ ਲੋੜਨਾ ਕਰ ਸਕਦਾ ਹੈ, ਜਿਵੇਂ ਹੁਕਮਾਂ ਵਿੱਚ ਉਲਿਖਤ ਕੀਤਾ ਜਾਵੇ।

ਵਾਈਸ-ਚਾਂਸਲਰ ਜਾਂ ਸਬੰਧਤ ਅਧਿਕਾਰੀ ਵੱਲੋਂ ਉਸ ਉਲਿਖਤ ਕੀਤੀ ਗਈ ਤਰੀਕ ਤੋਂ ਆਪਣਾ ਅਹੁਦਾ ਛੱਡਿਆ ਗਿਆ ਸਮਝਿਆ ਜਾਵੇਗਾ:

ਪਰੰਤੂ ਅਜਿਹਾ ਕੋਈ ਵੀ ਹੁਕਮ ਪਾਸ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਅਜਿਹੀ ਕਾਰਵਾਈ ਤਜਵੀਜ਼ਤ ਕਰਨ ਦੇ ਆਧਾਰਾਂ ਬਾਰੇ ਵਾਈਸ-ਚਾਂਸਲਰ ਨੂੰ ਜਾਂ ਸਬੰਧਤ ਅਧਿਕਾਰੀ ਨੂੰ ਸੰਸੂਚਿਤ ਨਹੀਂ ਕੀਤਾ ਜਾਂਦਾ ਅਤੇ ਉਸ ਨੂੰ ਉਸ ਤੇ ਸੁਣਵਾਈ ਦਾ ਵਾਜਬ ਮੌਕਾ ਨਹੀਂ ਦਿੱਤਾ ਜਾਂਦਾ।

ਵਾਈਸ-ਚਾਂਸਲਰ। 10. (1) ਵਾਈਸ-ਚਾਂਸਲਰ ਸ਼ਾਸਕ ਬੌਡੀ ਵੱਲੋਂ ਸਿਫ਼ਾਰਸ਼ ਕੀਤੇ ਗਏ ਤਿੰਨ ਵਿਅਕਤੀਆਂ ਦੇ ਪੈਨਲ ਵਿੱਚੋਂ ਚਾਂਸਲਰ ਦੁਆਰਾ ਨਿਯੁਕਤ ਕੀਤਾ ਜਾਵੇਗਾ।

(2) ਕਿਸੇ ਵੀ ਵਿਅਕਤੀ ਨੂੰ ਵਾਈਸ-ਚਾਂਸਲਰ ਵਜੋਂ ਨਿਯੁਕਤ ਨਹੀਂ ਕੀਤਾ ਜਾਵੇਗਾ, ਜਦੋਂ ਤੱਕ ਕਿ ਉਸ ਕੋਲ ਅਜਿਹੀਆਂ ਯੋਗਤਾਵਾਂ ਨਾ ਹੋਣ ਜੋ ਐੱਮ.ਸੀ.ਆਈ., ਆਈ.ਐੱਨ.ਸੀ. ਅਤੇ ਮੈਡੀਕਲ ਸਿੱਖਿਆ ਨਾਲ ਸਬੰਧਤ ਕਿਸੇ ਹੋਰ ਰੈਗੂਲੇਟਰੀ ਬੌਡੀਆਂ ਦੁਆਰਾ ਉਲਿਖਤ ਕੀਤੀਆਂ ਗਈਆਂ ਹੋਣ।

(3) ਵਾਈਸ-ਚਾਂਸਲਰ ਸਮੁੱਚੇ ਰੂਪ ਵਿੱਚ ਯੂਨੀਵਰਸਿਟੀ ਦਾ ਇੰਚਾਰਜ ਹੋਵੇਗਾ ਜੋ ਕਿ ਯੂਨੀਵਰਸਿਟੀ ਦੇ ਮਾਮਲਿਆਂ ਤੇ ਆਮ ਨਿਗਰਾਨੀ ਅਤੇ ਕੰਟਰੋਲ ਰੱਖੇਗਾ ਅਤੇ ਯੂਨੀਵਰਸਿਟੀ ਦੀਆਂ ਵੱਖ-ਵੱਖ ਅਥਾਰਟੀਆਂ ਦੇ ਫ਼ੈਸਲਿਆਂ ਨੂੰ ਤਕਮੀਲ ਕਰੇਗਾ।

(4) ਵਿਜ਼ਿਟਰ ਅਤੇ ਚਾਂਸਲਰ ਦੀ ਗੈਰ-ਹਾਜ਼ਰੀ ਦੀ ਸੂਰਤ ਵਿੱਚ ਵਾਈਸ-ਚਾਂਸਲਰ ਯੂਨੀਵਰਸਿਟੀ ਦੀ ਕਨਵੋਕੇਸ਼ਨ ਦੀ ਪ੍ਰਧਾਨਗੀ ਕਰੇਗਾ।

(5) ਵਾਈਸ-ਚਾਂਸਲਰ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਅਤੇ ਅਜਿਹੇ ਕਾਜਕਾਰਾਂ ਨੂੰ ਨਿਭਾਏਗਾ, ਜਿਵੇਂ ਕਿ ਮੁਕੱਰਰ ਕੀਤਾ ਜਾਵੇ।

ਰਜਿਸਟਰਾਰ। 11. (1) ਰਜਿਸਟਰਾਰ, ਚਾਂਸਲਰ ਦੁਆਰਾ ਸ਼ਾਸਕ ਬੌਡੀ ਵੱਲੋਂ ਸਿਫ਼ਾਰਸ਼ ਕੀਤੇ ਗਏ ਤਿੰਨ ਵਿਅਕਤੀਆਂ ਦੇ ਪੈਨਲ ਵਿੱਚੋਂ ਨਿਯੁਕਤ ਕੀਤਾ ਜਾਵੇਗਾ।

(2) ਕਿਸੇ ਵੀ ਵਿਅਕਤੀ ਨੂੰ ਰਜਿਸਟਰਾਰ ਵਜੋਂ ਨਿਯੁਕਤ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਕਿ ਉਸ ਕੋਲ ਅਜਿਹੀਆਂ ਯੋਗਤਾਵਾਂ ਨਾ ਹੋਣ ਜੋ ਐੱਮ.ਸੀ.ਆਈ., ਆਈ.ਐੱਨ.ਸੀ. ਅਤੇ ਮੈਡੀਕਲ ਸਿੱਖਿਆ ਨਾਲ ਸਬੰਧਤ ਕਿਸੇ ਹੋਰ ਰੈਗੂਲੇਟਰੀ ਬੌਡੀਆਂ ਦੁਆਰਾ ਉਲਿਖਤ ਕੀਤੀਆਂ ਗਈਆਂ ਹੋਣ।

(3) ਰਜਿਸਟਰਾਰ ਯੂਨੀਵਰਸਿਟੀ ਲਈ ਅਤੇ ਉਸਦੇ ਨਮਿੱਤ ਸਾਰੇ ਮੁਆਇਦਿਆਂ ਤੇ ਦਸਖ਼ਤ ਕਰੇਗਾ ਅਤੇ ਸਾਰੇ ਦਸਤਾਵੇਜਾਂ ਜਾਂ ਰਿਕਾਰਡ ਨੂੰ ਪ੍ਰਮਾਣੀਕ ਕਰੇਗਾ।

(4) ਰਜਿਸਟਰਾਰ ਸ਼ਾਸਕ ਬੌਡੀ, ਪ੍ਰਬੰਧਕੀ ਬੋਰਡ ਅਤੇ ਅਕਾਦਮਿਕ ਕੌਂਸਲ ਦਾ ਮੈਂਬਰ-ਸਕੱਤਰ ਹੋਵੇਗਾ, ਪਰੰਤੂ ਉਸ ਕੋਲ ਵੋਟ ਦਾ ਅਧਿਕਾਰ ਨਹੀਂ ਹੋਵੇਗਾ।

(5) ਰਜਿਸਟਰਾਰ, ਅਜਿਹੀਆਂ ਹੋਰ ਸ਼ਕਤੀਆਂ ਦੀ ਵਰਤੋਂ ਅਤੇ ਅਜਿਹੇ ਹੋਰ ਕਾਜਕਾਰ ਨਿਭਾਏਗਾ, ਜਿਵੇਂ ਮੁਕੱਰਰ ਕੀਤਾ ਜਾਵੇ।

12. (1) ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਚਾਂਸਲਰ ਦੁਆਰਾ ਅਜਿਹੇ ਤਰੀਕੇ ਨਾਲ ਨਿਯੁਕਤ ਕੀਤਾ ਜਾਵੇਗਾ, ਜਿਵੇਂ ਮੁਕੱਰਰ ਕੀਤਾ ਜਾਵੇ। ਮੁੱਖ ਵਿੱਤ ਅਤੇ ਲੇਖਾ ਅਧਿਕਾਰੀ।

(2) ਕੋਈ ਵੀ ਵਿਅਕਤੀ ਉਦੋਂ ਤੱਕ ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਦੇ ਤੌਰ ਤੇ ਨਿਯੁਕਤੀ ਲਈ ਯੋਗ ਨਹੀਂ ਹੋਵੇਗਾ ਜਦੋਂ ਤੱਕ ਉਸ ਨੇ ਭਾਰਤੀ ਚਾਰਟਰਡ ਲੇਖਾਕਾਰ ਸੰਸਥਾ ਦੁਆਰਾ ਲਿਆ ਗਿਆ ਚਾਰਟਰਡ ਲੇਖਾਕਾਰੀ ਟੈਸਟ ਪਾਸ ਨਾ ਕੀਤਾ ਹੋਵੇ।

(3) ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਅਜਿਹੇ ਕਾਜਕਾਰ ਨਿਭਾਏਗਾ ਅਤੇ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰੇਗਾ, ਜਿਵੇਂ ਮੁਕੱਰਰ ਕੀਤੀਆਂ ਜਾਣ।

13. (1) ਯੂਨੀਵਰਸਿਟੀ ਉਸ ਦੇ ਕਾਜਕਾਰ ਦੇ ਸੁਯੋਗ ਸੰਚਾਲਨ ਲਈ, ਅਜਿਹੇ ਹੋਰ ਅਧਿਕਾਰੀ ਨਿਯੁਕਤ ਕਰ ਸਕਦੀ ਹੈ, ਜਿਵੇਂ ਇਹ ਜ਼ਰੂਰੀ ਸਮਝੇ। ਹੋਰ ਅਧਿਕਾਰੀ।

(2) ਯੂਨੀਵਰਸਿਟੀ ਦੇ ਅਜਿਹੇ ਹੋਰ ਅਧਿਕਾਰੀਆਂ ਨੂੰ ਨਿਯੁਕਤ ਕਰਨ ਦਾ ਤਰੀਕਾ ਅਤੇ ਉਹਨਾਂ ਦੀਆਂ ਸ਼ਕਤੀਆਂ ਅਤੇ ਕਾਜਕਾਰ ਅਜਿਹੇ ਹੋਣਗੇ, ਜਿਵੇਂ ਮੁਕੱਰਰ ਕੀਤੇ ਜਾ ਸਕਦੇ ਹੋਣ।

14. ਯੂਨੀਵਰਸਿਟੀ ਦੀਆਂ ਹੇਠ-ਲਿਖੀਆਂ ਅਥਾਰਟੀਆਂ ਹੋਣਗੀਆਂ, ਅਰਥਾਤ:- ਯੂਨੀਵਰਸਿਟੀ ਦੀਆਂ ਅਥਾਰਟੀਆਂ।

(i) ਸ਼ਾਸ਼ਕ ਬੌਡੀ;

(ii) ਪ੍ਰਬੰਧ-ਬੋਰਡ;

(iii) ਅਕਾਦਮਿਕ ਕੌਂਸਲ; ਅਤੇ

(iv) ਅਜਿਹੀਆਂ ਹੋਰ ਅਥਾਰਟੀਆਂ, ਜਿਵੇਂ ਪ੍ਰਵਿਧਾਨਾਂ ਦੁਆਰਾ ਯੂਨੀਵਰਸਿਟੀ ਦੀਆਂ ਅਥਾਰਟੀਆਂ ਐਲਾਨੀਆਂ ਗਈਆਂ ਹੋਣ।

15. (1) ਯੂਨੀਵਰਸਿਟੀ ਦੀ ਸ਼ਾਸਕ ਬੌਡੀ ਹੇਠ-ਲਿਖੇ ਵਿਅਕਤੀਆਂ ਤੋਂ ਮਿਲ ਕੇ ਬਣੇਗੀ, ਅਰਥਾਤ:- ਸ਼ਾਸਕ ਬੌਡੀ ।

| | | | |
|---|---|---|---|
| (ੳ) | ਚਾਂਸਲਰ; | : | ਚੇਅਰਮੈਨ |
| (ਅ) | ਵਾਈਸ-ਚਾਂਸਲਰ; | : | ਮੈਂਬਰ |
| (ੲ) | ਟ੍ਰਸਟ ਵੱਲੋਂ ਨਾਮਜ਼ਦ ਕੀਤੇ ਤਿੰਨ ਵਿਅਕਤੀ, ਜਿਨ੍ਹਾਂ ਵਿੱਚੋਂ ਦੋ ਉੱਘੇ ਮੈਡੀਕਲ/ਸਿਹਤ ਵਿਗਿਆਨ ਸ਼ਾਸ਼ਤਰੀ ਹੋਣਗੇ; | : | ਮੈਂਬਰ |
| (ਸ) | ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ (ਡੀ.ਆਰ.ਐੱਮ.ਈ.) ਜਾਂ ਉਸ ਦਾ ਪ੍ਰਤੀਨਿਧ ਜੋ ਕਿ ਸੰਯੁਕਤ ਡਾਇਰੈਕਟਰ ਦੇ ਅਹੁਦੇ ਤੋਂ ਥੱਲੇ ਦਾ ਨਾ ਹੋਵੇ; | : | ਮੈਂਬਰ |

(ਹ) ਚਾਂਸਲਰ ਦੁਆਰਾ ਨਾਮਜ਼ਦ ਕੀਤਾ ਗਿਆ ਇੱਕ ਵਿੱਤੀ ਮਾਹਿਰ; : ਮੈਂਬਰ

(ਕ) ਸਕੱਤਰ, ਉਚੇਰੀ ਸਿੱਖਿਆ ਵਿਭਾਗ, ਪੰਜਾਬ ਸਰਕਾਰ ਜਾਂ ਉਸ ਦਾ ਪ੍ਰਤੀਨਿਧ ਜੋ ਕਿ ਸੰਯੁਕਤ ਸਕੱਤਰ ਦੇ ਅਹੁਦੇ ਤੋਂ ਥੱਲੇ ਦਾ ਨਾ ਹੋਵੇ; : ਮੈਂਬਰ

(ਖ) ਸਕੱਤਰ, ਪੰਜਾਬ ਸਰਕਾਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ ਜਾਂ ਉਸ ਦਾ ਪ੍ਰਤੀਨਿਧ, ਜੋ ਕਿ ਸੰਯੁਕਤ ਸਕੱਤਰ ਦੇ ਅਹੁਦੇ ਤੋਂ ਥੱਲੇ ਦਾ ਨਾ ਹੋਵੇ; ਅਤੇ

(ਗ) ਚਾਂਸਲਰ ਨਾਲ ਮਸ਼ਵਰਾ ਕਰਦੇ ਹੋਏ ਸਕੱਤਰ, ਉਚੇਰੀ ਸਿੱਖਿਆ ਵਿਭਾਗ, ਪੰਜਾਬ ਸਰਕਾਰ ਦੁਆਰਾ ਨਾਮਜ਼ਦ ਕੀਤਾ ਗਿਆ ਇੱਕ ਉੱਘਾ ਸਿੱਖਿਆ-ਸ਼ਾਸ਼ਤਰੀ। : ਮੈਂਬਰ

(2) ਸ਼ਾਸਕ ਬੌਡੀ ਯੂਨੀਵਰਸਿਟੀ ਦੀ ਸਰਵ-ਉੱਚ ਬੌਡੀ ਹੋਵੇਗੀ। ਇਹ ਹੇਠ-ਲਿਖੇ ਕਾਜਕਾਰ ਨਿਭਾਏਗੀ, ਅਰਥਾਤ:-

(ੳ) ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੇ ਅਨੁਸਰਣ ਵਿੱਚ ਯੂਨੀਵਰਸਿਟੀ ਦੇ ਕਾਜਕਾਰਾਂ ਨੂੰ ਕੰਟਰੋਲ ਕਰਨ ਲਈ ਨਿਰਦੇਸ਼ ਦੇਣੇ ਅਤੇ ਆਮ ਨਿਗਰਾਨੀ ਪ੍ਰਦਾਨ ਕਰਨਾ;

(ਅ) ਯੂਨੀਵਰਸਿਟੀ ਦੀਆਂ ਹੋਰ ਅਥਾਰਟੀਆਂ ਦੇ ਫ਼ੈਸਲਿਆਂ ਦੀ ਨਜ਼ਰਸਾਨੀ ਕਰਨੀ ਜੇ ਉਹ ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੇ ਉਪਬੰਧਾਂ ਦੇ ਅਨੁਰੂਪ ਨਾ ਹੋਣ;

(ੲ) ਯੂਨੀਵਰਸਿਟੀ ਦੀ ਸਲਾਨਾ ਰਿਪੋਰਟ ਅਤੇ ਬਜਟ ਨੂੰ ਪ੍ਰਵਾਨ ਕਰਨਾ;

(ਸ) ਯੂਨੀਵਰਸਿਟੀ ਦੁਆਰਾ ਅਪਣਾਈਆਂ ਜਾਣ ਵਾਲੀਆਂ ਵਿਸਤਰਿਤ ਨੀਤੀਆਂ ਨੂੰ ਨਿਯਤ ਕਰਨਾ; ਅਤੇ

(ਹ) ਅਜਿਹੀਆਂ ਹੋਰ ਸ਼ਕਤੀਆਂ ਦੀ ਵਰਤੋਂ ਕਰਨੀ, ਜਿਵੇਂ ਪ੍ਰਵਿਧਾਨਾਂ ਦੁਆਰਾ ਮੁਕੱਰਰ ਕੀਤੀਆਂ ਜਾਣ।

(3) ਸ਼ਾਸਕ ਬੌਡੀ ਕੈਲੰਡਰ ਸਾਲ ਵਿੱਚ ਘੱਟੋ-ਘੱਟ ਦੋ ਵਾਰ ਇਕੱਤਰਤਾ ਕਰੇਗੀ।

(4) ਸ਼ਾਸਕ ਬੌਡੀ ਦੀ ਇਕੱਤਰਤਾ ਲਈ ਘੱਟੋ ਘੱਟ ਕੋਰਮ ਪੰਜ ਦਾ ਹੋਵੇਗਾ।

ਪ੍ਰਬੰਧ-ਬੋਰਡ। 16. (1) ਪ੍ਰਬੰਧ-ਬੋਰਡ ਹੇਠ-ਲਿਖੇ ਮੈਂਬਰਾਂ ਤੋਂ ਮਿਲ ਕੇ ਬਣੇਗਾ, ਅਰਥਾਤ:-

(ੳ) ਚਾਂਸਲਰ ਜਾਂ ਉਸ ਦਾ ਨਾਮਜ਼ਦ; ਚੇਅਰਪਰਸਨ

(ਅ) ਵਾਈਸ-ਚਾਂਸਲਰ; ਮੈਂਬਰ

(ੲ) ਟ੍ਰਸਟ ਦੁਆਰਾ ਨਾਮਜ਼ਦ ਕੀਤੇ ਗਏ, ਟ੍ਰਸਟ ਦੇ ਦੋ ਮੈਂਬਰ; ਮੈਂਬਰ

(ਸ) ਰਾਜ ਸਰਕਾਰ ਦੇ ਪ੍ਰਤੀਨਿਧ ਵਜੋਂ ਮੈਡੀਕਲ ਸਿੱਖਿਆ (ਡੀ.ਆਰ.ਐੱਮ.ਈ.) ਨਾਲ ਸਬੰਧਤ ਡਾਇਰੈਕਟੋਰੇਟ ਦਾ ਡਾਇਰੈਕਟਰ; ਮੈਂਬਰ

(ਹ) ਟ੍ਰਸਟ ਦੁਆਰਾ ਨਾਮਜ਼ਦ ਕੀਤੇ ਗਏ ਤਿੰਨ ਵਿਅਕਤੀ ਜੋ ਟ੍ਰਸਟ ਦੇ ਮੈਂਬਰ ਨਹੀਂ ਹਨ; ਮੈਂਬਰ

(ਕ) ਟ੍ਰਸਟ ਦੁਆਰਾ ਨਾਮਜ਼ਦ ਕੀਤੇ ਗਏ, ਅਧਿਆਪਕਾਂ ਵਿੱਚੋਂ ਦੋ ਵਿਅਕਤੀ; ਮੈਂਬਰ

(ਖ) ਚਾਂਸਲਰ ਦੁਆਰਾ ਨਾਮਜ਼ਦ ਕੀਤੇ ਗਏ ਦੋ ਅਧਿਆਪਕ। ਮੈਂਬਰ

(2) ਪ੍ਰਬੰਧ-ਬੋਰਡ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰੇਗਾ ਅਤੇ ਅਜਿਹੇ ਕਾਜਕਾਰ ਨਿਭਾਏਗਾ, ਜਿਵੇਂ ਕਿ ਮੁਕੱਰਰ ਕੀਤਾ ਜਾਵੇ।

(3) ਪ੍ਰਬੰਧ-ਬੋਰਡ ਕੈਲੰਡਰ ਸਾਲ ਵਿੱਚ ਘੱਟੋ-ਘੱਟ ਦੋ ਵਾਰ ਇਕੱਤਰਤਾ ਕਰੇਗਾ।

(4) ਪ੍ਰਬੰਧ-ਬੋਰਡ ਦੀ ਇਕੱਤਰਤਾ ਲਈ ਘੱਟੋ ਘੱਟ ਕੋਰਮ ਪੰਜ ਦਾ ਹੋਵੇਗਾ।

17. (1) ਅਕਾਦਮਿਕ ਕੌਂਸਲ ਹੇਠ-ਲਿਖੇ ਮੈਂਬਰਾਂ ਤੋਂ ਮਿਲਕੇ ਬਣੇਗੀ, ਅਰਥਾਤ:- ਅਕਾਦਮਿਕ ਕੌਂਸਲ।

(ੳ) ਵਾਈਸ-ਚਾਂਸਲਰ; ਚੇਅਰਪਰਸਨ

(ਅ) ਰਾਜ ਸਰਕਾਰ ਦੁਆਰਾ ਉਸ ਦੇ ਪ੍ਰਤੀਨਿਧ ਵਜੋਂ ਨਾਮਜ਼ਦ ਕੀਤਾ ਗਿਆ ਮੈਡੀਕਲ ਅਤੇ ਸਿਹਤ ਵਿਗਿਆਨ ਦੇ ਖੇਤਰ ਦਾ ਇੱਕ ਉੱਘਾ ਅਕਾਦਮਿਕ ਵਿਅਕਤੀ; ਅਤੇ ਮੈਂਬਰ

(ੲ) ਅਜਿਹੇ ਹੋਰ ਮੈਂਬਰ, ਜਿਵੇਂ ਮੁਕੱਰਰ ਕੀਤਾ ਜਾਵੇ। ਮੈਂਬਰ

(2) ਅਕਾਦਮਿਕ ਕੌਂਸਲ ਯੂਨੀਵਰਸਿਟੀ ਦੀ ਮੁੱਖ ਅਕਾਦਮਿਕ ਬੌਡੀ ਹੋਵੇਗੀ ਅਤੇ ਇਹ ਇਸ ਐਕਟ, ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੇ ਉਪਬੰਧਾਂ ਦੇ ਤਾਬੇ, ਯੂਨੀਵਰਸਿਟੀ ਦੀਆਂ ਅਕਾਦਮਿਕ ਨੀਤੀਆਂ ਵਿੱਚ ਤਾਲਮੇਲ ਕਰੇਗੀ ਅਤੇ ਉਨ੍ਹਾਂ ਤੇ ਆਮ ਨਿਗਰਾਨੀ ਰੱਖੇਗੀ।

(3) ਅਕਾਦਮਿਕ ਕੌਂਸਲ ਦੀ ਇਕੱਤਰਤਾ ਦਾ ਕੋਰਮ ਅਜਿਹਾ ਹੋਵੇਗਾ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ।

18. (1) ਵਿੱਤ ਕਮੇਟੀ ਹੇਠ-ਲਿਖੇ ਮੈਂਬਰਾਂ ਤੋਂ ਮਿਲ ਕੇ ਬਣੇਗੀ, ਅਰਥਾਤ:- ਵਿੱਤ ਕਮੇਟੀ।

(i) ਵਾਈਸ-ਚਾਂਸਲਰ; ਚੇਅਰਪਰਸਨ

(ii) ਡੀਨ ਅਕਾਦਮਿਕ ਮਾਮਲੇ; ਮੈਂਬਰ

(iii) ਰਜਿਸਟਰਾਰ; ਮੈਂਬਰ

(iv) ਟ੍ਰਸਟ ਦੁਆਰਾ ਨਾਮਜ਼ਦ ਕੀਤੇ ਗਏ ਦੋ ਵਿਅਕਤੀ, ਜਿਨ੍ਹਾਂ ਵਿੱਚੋਂ ਇੱਕ ਵਿੱਤੀ ਮਾਹਿਰ ਹੋਵੇਗਾ; ਅਤੇ ਮੈਂਬਰ

(v) ਮੁੱਖ ਵਿੱਤ ਅਤੇ ਲੇਖਾ ਅਧਿਕਾਰੀ। ਮੈਂਬਰ-ਸਕੱਤਰ

(2) ਟ੍ਰਸਟ ਦੁਆਰਾ ਨਾਮਜ਼ਦ ਕੀਤੇ ਗਏ ਮੈਂਬਰ ਦੋ ਸਾਲ ਦੀ ਮੁੱਦਤ ਲਈ ਅਹੁਦਾ ਧਾਰਨ ਕਰਨਗੇ।

ਵਿੱਤ ਕਮੇਟੀ ਦੇ ਕਾਜਕਾਰ।

19. (1) ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਲੋੜੀਂਦੇ ਦਸਤਾਵੇਜਾਂ ਨਾਲ, ਯੂਨੀਵਰਸਿਟੀ ਦਾ ਸਲਾਨਾ ਬਜਟ ਤਿਆਰ ਕਰਵਾਏਗਾ ਅਤੇ ਉਸ ਨੂੰ ਪ੍ਰਵਾਨਗੀ ਲਈ ਵਿੱਤ ਕਮੇਟੀ ਨੂੰ ਪੇਸ਼ ਕਰੇਗਾ। ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਯੂਨੀਵਰਸਿਟੀ ਦੀ ਸਲਾਨਾ ਆਮਦਨ ਅਤੇ ਖਰਚਿਆਂ ਦੇ ਲੇਖੇ ਵੀ ਤਿਆਰ ਕਰਵਾਏਗਾ ਅਤੇ ਇਸ ਸਬੰਧੀ ਵਿੱਤ ਕਮੇਟੀ ਵੱਲੋਂ ਨਿਯੁਕਤ ਕੀਤੇ ਗਏ ਚਾਰਟਰਡ ਲੇਖਾਕਾਰ ਦੁਆਰਾ ਇਸ ਦਾ ਆਡਿਟ ਕਰਵਾਏਗਾ।

(2) ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਅਨੁਸਾਰ ਯੂਨੀਵਰਸਿਟੀ ਦੀ ਆਮਦਨ ਅਤੇ ਖਰਚਿਆਂ ਦੇ ਆਡਿਟ ਸਬੰਧੀ ਨੋਟ ਨਾਲ ਵਿੱਤ ਕਮੇਟੀ ਦੁਆਰਾ ਪ੍ਰਵਾਨ ਕੀਤੇ ਗਏ ਬਜਟ, ਨੂੰ ਚਾਂਸਲਰ ਦੀ ਪ੍ਰਵਾਨਗੀ ਲਈ ਉਸ ਅੱਗੇ ਪੇਸ਼ ਕੀਤਾ ਜਾਵੇਗਾ।

(3) ਵਿੱਤ ਕਮੇਟੀ ਯੂਨੀਵਰਸਿਟੀ ਦੇ ਵਿੱਤੀ ਮਾਮਲਿਆਂ ਤੇ ਚਾਂਸਲਰ ਨੂੰ ਸਲਾਹ ਦੇਵੇਗੀ।

ਹੋਰ ਅਥਾਰਟੀਆਂ।

20. ਧਾਰਾ 14 ਦੇ ਖੰਡ (iv) ਅਧੀਨ ਅਥਾਰਟੀਆਂ ਦੀ ਬਣਤਰ, ਗਠਨ, ਸ਼ਕਤੀਆਂ ਅਤੇ ਕਾਜਕਾਰ ਅਜਿਹੇ ਹੋਣਗੇ, ਜਿਵੇਂ ਮੁਕੱਰਰ ਕੀਤੇ ਜਾਣ।

ਅਥਾਰਟੀ ਜਾਂ ਬੌਡੀ ਦੀ ਮੈਂਬਰਸ਼ਿੱਪ ਲਈ ਨਾਕਾਬਲੀਅਤਾਂ।

21. ਕੋਈ ਵਿਅਕਤੀ ਯੂਨੀਵਰਸਿਟੀ ਦੀ ਕਿਸੇ ਬੌਡੀ ਜਾਂ ਅਥਾਰਟੀਆਂ ਦਾ ਮੈਂਬਰ ਹੋਣ ਦੇ ਨਾਕਾਬਲ ਹੋ ਜਾਵੇਗਾ, ਜੇ ਉਹ,-

(i) ਵਿਗੜ-ਚਿਤ ਹੈ ਅਤੇ ਕਿਸੇ ਸ਼ਕਤਵਾਨ ਅਦਾਲਤ ਦੁਆਰਾ ਅਜਿਹਾ ਐਲਾਨਿਆ ਹੋਇਆ ਹੈ; ਜਾਂ

(ii) ਇੱਕ ਅਮੁੱਕਤ ਦਿਵਾਲੀਆ ਹੈ; ਜਾਂ

(iii) ਕਿਸੇ ਸਦਾਚਾਰਕ ਗਿਰਾਵਟ ਵਿੱਚ ਪਲਚੇ ਅਪਰਾਧ ਲਈ ਸਿੱਧ-ਦੋਸ਼ ਠਹਿਰਾਇਆ ਗਿਆ ਹੈ ; ਜਾਂ

(iv) ਕਿਸੇ ਵੀ ਰੂਪ ਵਿੱਚ ਕਿਸੇ ਪ੍ਰੀਖਿਆ ਦਾ ਸੰਚਾਲਣ ਕਰਨ ਵਿੱਚ ਕਿਸੇ ਅਣਉਚਿਤ ਆਚਰਣ ਨਾਲ ਖਚਿਤ ਹੋਣ ਕਰਕੇ ਜਾਂ ਉਸ ਨੂੰ ਵਧਾਵਾ ਦੇਣ ਕਾਰਨ ਸਜ਼ਾ-ਯਾਫ਼ਤਾ ਹੋ ਗਿਆ ਹੈ।

22. ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਬੋਡੀ ਦੁਆਰਾ ਕੀਤਾ ਗਿਆ ਕੋਈ ਕਾਰਜ ਜਾਂ ਕਾਰਵਾਈਆਂ ਸਿਰਫ਼ ਇਸ ਕਾਰਨ ਨਾਜਾਇਜ਼ ਨਹੀਂ ਹੋਣਗੀਆਂ ਕਿ- ਖਾਲੀ ਥਾਵਾਂ ਕਾਰਨ ਕਾਰਜਾਂ ਜਾਂ ਕਾਰਵਾਈਆਂ ਦਾ ਨਾਜਾਇਜ਼ ਨਾ ਹੋਣਾ।

(ੳ) ਅਥਾਰਟੀ ਜਾਂ ਬੋਡੀ ਵਿੱਚ ਕੋਈ ਥਾਂ ਖਾਲੀ ਹੈ ਜਾਂ ਉਸ ਦੇ ਗਠਨ ਵਿੱਚ ਕੋਈ ਤਰੁੱਟੀ ਹੈ; ਜਾਂ

(ਅ) ਉਸ ਦੇ ਮੈਂਬਰ ਵਜੋਂ ਕਾਰਜ ਕਰ ਰਹੇ ਕਿਸੇ ਵਿਅਕਤੀ ਦੀ ਨਾਮਜ਼ਦਗੀ ਜਾਂ ਨਿਯੁਕਤੀ ਵਿੱਚ ਕੋਈ ਤਰੁੱਟੀ ਜਾਂ ਬੇਕਾਇਦਗੀ ਹੈ; ਜਾਂ

(ੲ) ਅਜਿਹੇ ਕਾਰਜ ਜਾਂ ਕਾਰਵਾਈ ਵਿੱਚ ਕੋਈ ਤਰੁੱਟੀ ਜਾਂ ਬੇਕਾਇਦਗੀ ਹੈ ਜੋ ਮਾਮਲੇ ਦੇ ਗੁਣਾਂ ਤੇ ਪ੍ਰਭਾਵ ਨਹੀਂ ਪਾਉਂਦੀ।

23. ਜੇ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਬੋਡੀ ਵਿੱਚ ਕਿਸੇ ਮੈਂਬਰ ਦੀ ਮੌਤ ਹੋ ਜਾਣ ਕਾਰਨ ਜਾਂ ਉਸ ਦੇ ਅਸਤੀਫ਼ੇ ਜਾਂ ਅਹੁਦੇ ਤੋਂ ਹਟਾਏ ਜਾਣ ਕਾਰਨ ਜਾਂ ਜਿਸ ਸਮਰੱਥਾ ਵਿੱਚ ਉਸ ਨੂੰ ਨਿਯੁਕਤ ਜਾਂ ਨਾਮਜ਼ਦ ਕੀਤਾ ਗਿਆ ਸੀ ਉਸ ਸਮਰੱਥਾ ਵਿੱਚ ਤਬਦੀਲੀ ਹੋ ਜਾਣ ਕਾਰਨ ਕੋਈ ਆਸਾਮੀ ਖਾਲੀ ਹੁੰਦੀ ਹੈ ਤਾਂ ਉਸ ਅਥਾਰਟੀ ਜਾਂ ਬੋਡੀ ਦੁਆਰਾ ਜਿਸ ਵੱਲੋਂ ਅਜਿਹੇ ਮੈਂਬਰ ਦੀ ਨਿਯੁਕਤੀ ਜਾਂ ਨਾਮਜ਼ਦਗੀ ਕੀਤੀ ਗਈ ਸੀ, ਜਿੰਨੀ ਛੇਤੀ ਸੰਭਵ ਹੋ ਸਕੇ ਉਸ ਆਸਾਮੀ ਨੂੰ ਭਰਿਆ ਜਾਵੇਗਾ: ਸੰਕਟਕਾਲੀ ਖ਼ਾਲੀ ਹੋਈਆਂ ਆਸਾਮੀਆਂ ਨੂੰ ਭਰਨਾ।

ਪਰੰਤੂ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਬੋਡੀ ਦੇ ਮੈਂਬਰ ਦੀ ਸੰਕਟਕਾਲੀ ਖ਼ਾਲੀ ਹੋਈ ਆਸਾਮੀ ਤੇ ਨਾਮਜ਼ਦ ਜਾਂ ਨਿਯੁਕਤ ਕੀਤਾ ਗਿਆ ਅਜਿਹਾ ਵਿਅਕਤੀ, ਮੈਂਬਰ ਦੀ ਬਾਕੀ ਰਹਿੰਦੀ ਮਿਆਦ ਲਈ ਹੀ ਅਥਾਰਟੀ ਜਾਂ ਬੋਡੀ ਦੇ ਮੈਂਬਰ ਦੇ ਅਹੁਦੇ ਤੇ ਬਣਿਆ ਰਹੇਗਾ ਜਿਸ ਦੀ ਥਾਂ ਤੇ ਉਸ ਨੂੰ ਨਿਯੁਕਤ ਜਾਂ ਨਾਮਜ਼ਦ, ਜਿਹੀ ਕਿ ਸੂਰਤ ਹੋਵੇ, ਕੀਤਾ ਗਿਆ ਹੈ।

24. ਯੂਨੀਵਰਸਿਟੀ ਦੀਆਂ ਅਥਾਰਟੀਆਂ ਜਾਂ ਅਧਿਕਾਰੀ ਅਜਿਹੀਆਂ ਕਮੇਟੀਆਂ ਦਾ ਗਠਨ ਕਰ ਸਕਦੇ ਹਨ, ਜੋ ਅਜਿਹੀਆਂ ਕਮੇਟੀਆਂ ਦੁਆਰਾ ਵਿਸ਼ੇਸ਼ ਕੰਮ ਨੂੰ ਕਰਨ ਲਈ ਜ਼ਰੂਰੀ ਹੋ ਸਕਦੀਆਂ ਹਨ। ਅਜਿਹੀਆਂ ਕਮੇਟੀਆਂ ਦਾ ਗਠਨ ਅਤੇ ਕਰਤੱਵ ਅਜਿਹੇ ਹੋਣਗੇ, ਜਿਵੇ ਮੁਕੱਰਰ ਕੀਤੇ ਜਾ ਸਕਣ। ਕਮੇਟੀਆਂ।

25. ਇਸ ਐਕਟ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਟ੍ਰਸਟ 11ਵੀਂ ਅਤੇ 12ਵੀਂ ਜਮਾਤ ਦੇ ਘੱਟੋ-ਘੱਟ ਪੰਜਾਹ ਵਿਦਿਆਰਥੀਆਂ ਨੂੰ ਮੁਫ਼ਤ ਸਿੱਖਿਆ ਦੇਣ ਲਈ ਇੱਕ ਵਿਸ਼ੇਸ਼ ਸਕੂਲ ਚਲਾਏਗਾ, ਜਿਸ ਵਿੱਚ ਮੁਫ਼ਤ ਰਿਹਾਇਸ਼ ਅਤੇ ਮੁਫ਼ਤ ਖੁਰਾਕ ਦੀ ਸਹੂਲਤ ਵੀ ਸ਼ਾਮਲ ਹੋਵੇਗੀ। ਵਿਦਿਆਰਥੀਆਂ ਦਾ ਦਾਖ਼ਲਾ ਗੁਣਾਂ ਦੇ ਆਧਾਰ ਤੇ ਕੀਤਾ ਜਾਵੇਗਾ। ਵਿਦਿਆਰਥੀਆਂ ਨੂੰ ਮੁਫ਼ਤ ਸਿੱਖਿਆ ਦੇਣ ਲਈ ਵਿਸ਼ੇਸ਼ ਸਕੂਲ ਚਲਾਉਣਾ।

ਪ੍ਰਵਿਧਾਨ ਬਣਾਉਣ ਦੀ ਸ਼ਕਤੀ।

26. (1) ਸ਼ਾਸਕ ਬੌਡੀ, ਸਮੇਂ-ਸਮੇਂ ਤੇ, ਪ੍ਰਵਿਧਾਨ ਬਣਾ ਸਕੇਗੀ ਜਾਂ ਉਨ੍ਹਾਂ ਵਿੱਚ ਸੋਧ ਜਾਂ ਉਨ੍ਹਾਂ ਨੂੰ ਨਿਰਸਨ ਕਰ ਸਕੇਗੀ।

(2) ਪ੍ਰਵਿਧਾਨ ਜਾਂ ਉਸ ਵਿੱਚ ਕੀਤੀ ਗਈ ਕੋਈ ਸੋਧ ਜਾਂ ਉਸ ਦਾ ਨਿਰਸਨ ਚਾਂਸਲਰ ਦੀ ਪ੍ਰਵਾਨਗੀ ਲੋੜੇਗਾ।

(3) ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਪ੍ਰਵਿਧਾਨ ਹੇਠ-ਲਿਖੇ ਵਿਸ਼ਿਆਂ ਲਈ ਉਪਬੰਧ ਕਰ ਸਕਣਗੇ, ਅਰਥਾਤ:-

(i) ਯੂਨੀਵਰਸਿਟੀ ਦੀਆਂ ਅਥਾਰਟੀਆਂ ਅਤੇ ਹੋਰ ਬੌਡੀਆਂ, ਜੋ ਸਮੇਂ-ਸਮੇਂ ਤੇ ਗਠਤ ਕੀਤੀਆਂ ਗਈਆਂ ਹੋਣ, ਦੇ ਗਠਨ, ਸ਼ਕਤੀਆਂ ਅਤੇ ਕਾਜਕਾਰ;

(ii) ਵਾਈਸ-ਚਾਂਸਲਰ ਦੀ ਨਿਯੁਕਤੀ ਦੇ ਨਿਬੰਧਨ ਅਤੇ ਸ਼ਰਤਾਂ ਅਤੇ ਉਸ ਦੀਆਂ ਸ਼ਕਤੀਆਂ ਅਤੇ ਕਾਜਕਾਰ;

(iii) ਰਜਿਸਟਰਾਰ ਅਤੇ ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਦੀ ਨਿਯੁਕਤੀ ਦਾ ਤਰੀਕਾ, ਨਿਬੰਧਨ ਅਤੇ ਸ਼ਰਤਾਂ ਅਤੇ ਉਨਾਂ ਦੀਆਂ ਸ਼ਕਤੀਆਂ ਅਤੇ ਕਾਜਕਾਰ;

(iv) ਹੋਰ ਅਧਿਕਾਰੀਆਂ ਅਤੇ ਅਧਿਆਪਕਾਂ ਦੀ ਨਿਯੁਕਤੀ ਦਾ ਤਰੀਕਾ, ਨਿਬੰਧਨ ਅਤੇ ਸ਼ਰਤਾਂ ਅਤੇ ਉਨਾਂ ਦੀਆਂ ਸ਼ਕਤੀਆਂ ਅਤੇ ਕਾਜਕਾਰ;

(v) ਯੂਨੀਵਰਸਿਟੀ ਦੇ ਕਰਮਚਾਰੀਆਂ ਦੇ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ;

(vi) ਯੂਨੀਵਰਸਿਟੀ, ਅਧਿਕਾਰੀਆਂ, ਅਧਿਆਪਕਾਂ, ਕਰਮਚਾਰੀਆਂ ਅਤੇ ਵਿਦਿਆਰਥੀਆਂ ਵਿਚਕਾਰ ਝਗੜੇ ਦੀ ਸੂਰਤ ਵਿੱਚ ਸਾਲਸੀ ਜ਼ਾਬਤਾ;

(vii) ਮਾਨ-ਅਰਥ ਡਿਗਰੀਆਂ ਪ੍ਰਦਾਨ ਕਰਨਾ;

(viii) ਵਿਦਿਆਰਥੀਆਂ ਨੂੰ ਟਿਊਸ਼ਨ ਫ਼ੀਸ ਦੀ ਅਦਾਇਗੀ ਤੋਂ ਛੋਟ ਦੇਣੀ ਅਤੇ ਉਨ੍ਹਾਂ ਨੂੰ ਵਜ਼ੀਫ਼ੇ ਅਤੇ ਫੈਲੋਸ਼ਿਪਾਂ ਪ੍ਰਦਾਨ ਕਰਨਾ;

(ix) (ੳ) ਦਾਖ਼ਲੇ ਰਾਸ਼ਟਰੀ ਯੋਗਤਾ-ਕਮ-ਪ੍ਰਵੇਸ਼ ਪ੍ਰੀਖਿਆ (ਐੱਨਈਈਟੀ) ਜਾਂ ਮਾਨਯੋਗ ਸੁਪਰੀਮ ਕੋਰਟ ਦੇ ਦਿਸ਼ਾ-ਨਿਰਦੇਸ਼ਾਂ ਦੇ ਮੱਦੇਨਜ਼ਰ ਕੇਂਦਰੀ ਸਰਕਾਰ ਦੁਆਰਾ ਸੰਚਾਲਤ/ਸਿਫ਼ਾਰਸ਼ ਕੀਤੇ ਗਏ ਕਿਸੇ ਹੋਰ ਟੈਸਟ ਦੇ ਆਧਾਰ 'ਤੇ ਕੀਤੇ ਜਾਣਗੇ।

(ਅ) ਸੀਟਾਂ ਦੇ ਰਾਖਵੇਂਕਰਨ ਨੂੰ ਵਿਨਿਯਮ ਕਰਨਾ;

(x) ਵੱਖ-ਵੱਖ ਕੋਰਸਾਂ ਵਿੱਚ ਸੀਟਾਂ ਦੀ ਗਿਣਤੀ; ਅਤੇ

(xi) ਇਸ ਐਕਟ ਅਧੀਨ ਕੋਈ ਹੋਰ ਮਾਮਲੇ ਜਿਨ੍ਹਾਂ ਲਈ ਪ੍ਰਵਿਧਾਨ ਬਣਾਉਣੇ ਲੋੜੀਂਦੇ ਹੋਣ।

(4) ਚਾਂਸਲਰ ਦੀ ਪ੍ਰਵਾਨਗੀ ਤੋਂ ਬਾਅਦ, ਯੂਨੀਵਰਸਿਟੀ ਦੇ ਪ੍ਰਵਿਧਾਨਾਂ ਨੂੰ ਰਾਜ ਸਰਕਾਰ ਨੂੰ ਉਸਦੀ ਪ੍ਰਵਾਨਗੀ ਲਈ ਪੇਸ਼ ਕੀਤਾ ਜਾਵੇਗਾ।

(5) ਰਾਜ ਸਰਕਾਰ ਯੂਨੀਵਰਸਿਟੀ ਵੱਲੋਂ ਪੇਸ਼ ਕੀਤੇ ਗਏ ਪ੍ਰਵਿਧਾਨਾਂ ਤੇ ਵਿਚਾਰ ਕਰੇਗੀ ਅਤੇ ਬਿਨਾਂ ਰੂਪਭੇਦ ਤੋਂ ਜਾਂ ਅਜਿਹੇ ਰੂਪਭੇਦ ਕਰਦੇ ਹੋਏ, ਜੇ ਕੋਈ ਹੋਣ, ਜਿਵੇਂ ਕਿ ਉਹ ਜ਼ਰੂਰੀ ਸਮਝਦੀ ਹੋਵੇ, ਉਸ ਨੂੰ ਪ੍ਰਵਾਨਗੀ ਦੇਵੇਗੀ ਅਤੇ ਪ੍ਰਵਿਧਾਨਾਂ ਨੂੰ ਯੂਨੀਵਰਸਿਟੀ ਨੂੰ ਵਾਪਸ ਭੇਜ ਦੇਵੇਗੀ।

(6) ਯੂਨੀਵਰਸਿਟੀ, ਸ਼ਾਸਕ ਬੌਡੀ ਦੀ ਪ੍ਰਵਾਨਗੀ ਨਾਲ, ਰਾਜ ਸਰਕਾਰ ਦੁਆਰਾ ਪ੍ਰਵਾਨ ਕੀਤੇ ਗਏ ਪ੍ਰਵਿਧਾਨਾਂ ਤੇ ਆਪਣੀ ਸਹਿਮਤੀ ਸੰਸੂਚਿਤ ਕਰੇਗੀ, ਅਤੇ ਜੇ ਯੂਨੀਵਰਸਿਟੀ ਰਾਜ ਸਰਕਾਰ ਦੁਆਰਾ ਕੀਤੇ ਗਏ ਕੁੱਝ ਜਾਂ ਸਾਰੇ ਰੂਪਭੇਦਾਂ ਨੂੰ ਪ੍ਰਭਾਵੀ ਬਣਾਉਣ ਦੀ ਇੱਛਾ ਨਹੀਂ ਰੱਖਦੀ ਤਾਂ ਉਹ ਇਸ ਦੇ ਕਾਰਨ ਵੀ ਦੇ ਸਕੇਗੀ।

(7) ਰਾਜ ਸਰਕਾਰ ਦੁਆਰਾ ਪ੍ਰਵਿਧਾਨਾਂ ਨੂੰ ਅੰਤਮ ਰੂਪ ਵਿੱਚ ਪ੍ਰਵਾਨ ਕਰਨ ਤੋਂ ਪਿੱਛੋਂ, ਇਹਨਾਂ ਨੂੰ ਯੂਨੀਵਰਸਿਟੀ ਦੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਕੀਤਾ ਜਾਵੇਗਾ।

(8) ਇਸ ਤਰ੍ਹਾਂ ਬਣਾਏ ਗਏ ਪ੍ਰਵਿਧਾਨਾਂ ਨੂੰ ਰਾਜ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਸੋਧਿਆ ਨਹੀਂ ਜਾਵੇਗਾ।

ਆਰਡੀਨੈਂਸ ਬਣਾਉਣ ਦੀ ਸ਼ਕਤੀ।

27. (1) ਸ਼ਾਸਕ ਬੌਡੀ ਸਮੇਂ-ਸਮੇਂ ਤੇ ਆਰਡੀਨੈਂਸ ਬਣਾ ਸਕੇਗੀ ਜਾਂ ਉਨ੍ਹਾਂ ਵਿੱਚ ਸੋਧ ਕਰ ਸਕੇਗੀ ਜਾਂ ਉਨਾਂ ਨੂੰ ਨਿਰਸਤ ਕਰ ਸਕੇਗੀ।

(2) ਹਰੇਕ ਬਣਾਏ ਗਏ ਆਰਡੀਨੈਂਸ ਜਾਂ ਉਸ ਵਿੱਚ ਕੀਤੀ ਗਈ ਕੋਈ ਸੋਧ ਜਾਂ ਉਸ ਨੂੰ ਨਿਰਸਤ ਕਰਨ ਤੇ ਚਾਂਸਲਰ ਦੀ ਪ੍ਰਵਾਨਗੀ ਲੋੜੀਂਦੀ ਹੋਵੇਗੀ।

(3) ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਆਰਡੀਨੈਂਸ ਹੇਠ-ਲਿਖੇ ਵਿਸ਼ਿਆਂ ਲਈ ਉਪਬੰਧ ਕਰ ਸਕਣਗੇ, ਅਰਥਾਤ:-

(i) ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਦਾ ਦਾਖਲਾ ਅਤੇ ਉਸ ਅਨੁਸਾਰ ਉਨਾਂ ਦੇ ਨਾਂ ਰਜਿਸਟਰ ਵਿੱਚ ਚੜ੍ਹਾਉਣਾ;

(ii) ਯੂਨੀਵਰਸਿਟੀ ਦੀਆਂ ਡਿਗਰੀਆਂ, ਡਿਪਲੋਮੇ ਅਤੇ ਸਰਟੀਫਿਕੇਟਾਂ ਲਈ ਨਿਯਤ ਕੀਤੇ ਜਾਣ ਵਾਲੇ ਅਧਿਐਨ ਕੋਰਸ;

(iii) ਡਿਗਰੀਆਂ, ਡਿਪਲੋਮੇ, ਸਰਟੀਫਿਕੇਟਾਂ ਅਤੇ ਹੋਰ ਅਕਾਦਮਿਕ ਉਪਾਧੀਆਂ ਸਬੰਧੀ;

(iv) ਯੂਨੀਵਰਸਿਟੀ ਦੇ ਵੱਖ-ਵੱਖ ਕੋਰਸਾਂ, ਪ੍ਰੀਖਿਆਵਾਂ, ਡਿਗਰੀਆਂ ਅਤੇ ਡਿਪਲੋਮਿਆਂ ਦੀਆਂ ਲਈਆਂ ਜਾਣ ਵਾਲੀਆਂ ਫ਼ੀਸਾਂ;

(v) ਫੈਲੋ-ਵਜ਼ੀਫੇ, ਵਜ਼ੀਫੇ, ਵਿਦਿਆਰਥੀ-ਵਜ਼ੀਫੇ, ਤਮਗੇ ਅਤੇ ਇਨਾਮ

ਦੇਣ ਲਈ ਸ਼ਰਤਾਂ;

(vi) ਪਰੀਖਿਆਵਾਂ ਦਾ ਸੰਚਾਲਣ, ਜਿਸ ਵਿੱਚ ਪਰੀਖਿਆ ਲੈਣ ਵਾਲੀਆਂ ਬੌਡੀਆਂ, ਪਰੀਖਿਅਕਾਂ ਅਤੇ ਮਾਡਰੇਟਰਾਂ ਦੇ ਅਹੁਦੇ ਦੇ ਨਿਬੰਧਨ ਅਤੇ ਨਿਯੁਕਤੀ ਦਾ ਤਰੀਕਾ ਅਤੇ ਕਰਤੱਵਾਂ ਬਾਰੇ ਕੀਤੇ ਉਪਬੰਧ ਸ਼ਾਮਲ ਹਨ;

(vii) ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਲਈ ਹੋਸਟਲ ਦੀਆਂ ਸਹੂਲਤਾਂ ਦੀਆਂ ਸ਼ਰਤਾਂ;

(viii) ਯੂਨੀਵਰਸਿਟੀ ਦੇ ਵਿਦਿਆਰਥੀਆਂ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਕਰਨੀ;

(ix) ਕਿਸੇ ਹੋਰ ਬੌਡੀ ਦੀ ਸਿਰਜਣਾ, ਰਚਨਾ ਅਤੇ ਕਾਜਕਾਰ, ਜਿਹੜਾ ਯੂਨੀਵਰਸਿਟੀ ਦੇ ਮਿਆਰ ਨੂੰ ਸੁਧਾਰਨ ਲਈ ਜ਼ਰੂਰੀ ਸਮਝਿਆ ਜਾਂਦਾ ਹੈ;

(x) ਹੋਰ ਯੂਨੀਵਰਸਿਟੀਆਂ ਅਤੇ ਸੰਸਥਾਵਾਂ ਨਾਲ ਮਿਲ ਕੇ ਕੰਮ ਕਰਨ ਅਤੇ ਸਹਿਯੋਗ ਦੇਣ ਦਾ ਤਰੀਕਾ; ਅਤੇ

(xi) ਇਸ ਐਕਟ ਜਾਂ ਇਸ ਅਧੀਨ ਬਣੇ ਪ੍ਰਵਿਧਾਨਾਂ ਅਨੁਸਾਰ ਕਿਸੇ ਹੋਰ ਮਾਮਲੇ ਜਿਨਾਂ ਲਈ ਆਰਡੀਨੈਂਸਾਂ ਦੁਆਰਾ ਉਪਬੰਧਤ ਕੀਤਾ ਜਾਣਾ ਲੋੜੀਂਦਾ ਹੋਵੇ।

(4) ਚਾਂਸਲਰ ਦੀ ਪ੍ਰਵਾਨਗੀ ਤੋਂ ਬਾਅਦ, ਯੂਨੀਵਰਸਿਟੀ ਦੇ ਆਰਡੀਨੈਂਸ ਰਾਜ ਸਰਕਾਰ ਨੂੰ ਪ੍ਰਵਾਨਗੀ ਲਈ ਪੇਸ਼ ਕੀਤੇ ਜਾਣਗੇ।

(5) ਯੂਨੀਵਰਸਿਟੀ ਦੁਆਰਾ ਪੇਸ਼ ਕੀਤੇ ਗਏ ਆਰਡੀਨੈਂਸਾਂ ਤੇ ਰਾਜ ਸਰਕਾਰ ਵਿਚਾਰ ਕਰੇਗੀ ਅਤੇ ਬਿਨਾਂ ਰੂਪਭੇਦਾਂ ਤੋਂ ਜਾਂ ਅਜਿਹੇ ਰੂਪਭੇਦ ਨਾਲ, ਜੇ ਕੋਈ ਹੋਣ, ਜਿਵੇਂ ਕਿ ਉਹ ਜ਼ਰੂਰੀ ਸਮਝਦੀ ਹੋਵੇ, ਉਸ ਨੂੰ ਪ੍ਰਵਾਨਗੀ ਦੇਵੇਗੀ ਅਤੇ ਉਨ੍ਹਾਂ ਨੂੰ ਵਾਪਸ ਯੂਨੀਵਰਸਿਟੀ ਨੂੰ ਭੇਜ ਦੇਵੇਗੀ।

(6) ਯੂਨੀਵਰਸਿਟੀ, ਸ਼ਾਸਕ ਬੌਡੀ ਦੀ ਪ੍ਰਵਾਨਗੀ ਨਾਲ, ਰਾਜ ਸਰਕਾਰ ਦੁਆਰਾ ਪ੍ਰਵਾਨ ਕੀਤੇ ਗਏ ਆਰਡੀਨੈਂਸਾਂ ਤੇ ਆਪਣੀ ਸਹਿਮਤੀ ਸੰਸੂਚਿਤ ਕਰੇਗੀ ਅਤੇ ਜੇ ਯੂਨੀਵਰਸਿਟੀ ਰਾਜ ਸਰਕਾਰ ਦੁਆਰਾ ਕੀਤੇ ਗਏ ਕੁੱਝ ਜਾਂ ਸਾਰੇ ਰੂਪਭੇਦਾਂ ਨੂੰ ਪ੍ਰਭਾਵੀ ਬਣਾਉਣ ਦੀ ਇੱਛਾ ਨਹੀਂ ਰੱਖਦੀ ਤਾਂ ਉਹ ਇਸ ਦੇ ਕਾਰਨ ਵੀ ਦੇ ਸਕੇਗੀ।

(7) ਰਾਜ ਸਰਕਾਰ ਦੁਆਰਾ ਆਰਡੀਨੈਂਸਾਂ ਨੂੰ ਅੰਤਿਮ ਰੂਪ ਵਿੱਚ ਪ੍ਰਵਾਨ ਕਰਨ ਤੋਂ ਪਿੱਛੋਂ, ਇਹਨਾਂ ਨੂੰ ਯੂਨੀਵਰਸਿਟੀ ਦੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਕੀਤਾ ਜਾਵੇਗਾ।

(8) ਇਸ ਤਰ੍ਹਾਂ ਬਣਾਏ ਗਏ ਆਰਡੀਨੈਂਸਾਂ ਨੂੰ ਰਾਜ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਸੋਧਿਆ ਨਹੀਂ ਜਾਵੇਗਾ।

ਵਿਨਿਯਮ ਬਣਾਉਣ ਦੀ ਸ਼ਕਤੀ।

28. (1) ਸ਼ਾਸਕ ਬੌਡੀ ਸਮੇਂ-ਸਮੇਂ ਤੇ ਵਿਨਿਯਮ ਬਣਾ ਸਕੇਗੀ ਜਾਂ ਉਨ੍ਹਾਂ ਵਿੱਚ ਸੋਧ ਕਰ ਸਕੇਗੀ ਜਾਂ ਉਹਨਾਂ ਨੂੰ ਨਿਰਸਤ ਕਰ ਸਕੇਗੀ।

(2) ਹਰੇਕ ਵਿਨਿਯਮ ਜਾਂ ਉਸ ਵਿੱਚ ਕੀਤੀ ਗਈ ਕੋਈ ਸੋਧ ਜਾਂ ਉਨ੍ਹਾਂ ਨੂੰ ਨਿਰਸਨ ਕਰਨ ਤੇ ਚਾਂਸਲਰ ਦੀ ਪ੍ਰਵਾਨਗੀ ਲੋੜੀਂਦੀ ਹੋਵੇਗੀ।

(3) ਚਾਂਸਲਰ ਦੀ ਪ੍ਰਵਾਨਗੀ ਤੋਂ ਬਾਅਦ, ਯੂਨੀਵਰਸਿਟੀ ਦੇ ਵਿਨਿਯਮ ਰਾਜ ਸਰਕਾਰ ਨੂੰ ਪ੍ਰਵਾਨਗੀ ਲਈ ਪੇਸ਼ ਕੀਤੇ ਜਾਣਗੇ।

(4) ਰਾਜ ਸਰਕਾਰ ਯੂਨੀਵਰਸਿਟੀ ਵੱਲੋਂ ਪੇਸ਼ ਕੀਤੇ ਗਏ ਵਿਨਿਯਮਾਂ ਤੇ ਵਿਚਾਰ ਕਰੇਗੀ ਅਤੇ ਬਿਨਾਂ ਰੂਪਭੇਦਾਂ ਤੋਂ ਜਾਂ ਅਜਿਹੇ ਰੂਪਭੇਦ ਨਾਲ, ਜੇ ਕੋਈ ਹੋਣ, ਜਿਵੇਂ ਕਿ ਉਹ ਜ਼ਰੂਰੀ ਸਮਝਦੀ ਹੋਵੇ, ਉਸ ਨੂੰ ਪ੍ਰਵਾਨਗੀ ਦੇਵੇਗੀ ਅਤੇ ਵਿਨਿਯਮਾਂ ਨੂੰ ਯੂਨੀਵਰਸਿਟੀ ਨੂੰ ਭੇਜ ਦੇਵੇਗੀ।

(5) ਯੂਨੀਵਰਸਿਟੀ, ਸ਼ਾਸਕ ਬੌਡੀ ਦੀ ਪ੍ਰਵਾਨਗੀ ਨਾਲ, ਰਾਜ ਸਰਕਾਰ ਦੁਆਰਾ ਪ੍ਰਵਾਨ ਕੀਤੇ ਗਏ ਵਿਨਿਯਮਾਂ ਤੇ ਆਪਣੀ ਸਹਿਮਤੀ ਸੰਸੂਚਿਤ ਕਰੇਗੀ ਅਤੇ ਜੇ ਯੂਨੀਵਰਸਿਟੀ ਰਾਜ ਸਰਕਾਰ ਦੁਆਰਾ ਕੀਤੇ ਗਏ ਕੁੱਝ ਜਾਂ ਸਾਰੇ ਰੂਪਭੇਦਾਂ ਨੂੰ ਪ੍ਰਭਾਵੀ ਬਣਾਉਣ ਦੀ ਇੱਛਾ ਨਹੀਂ ਹੋਵੇਗੀ ਤਾਂ ਉਹ ਇਸ ਦੇ ਕਾਰਨ ਵੀ ਦੇ ਸਕੇਗੀ।

(6) ਰਾਜ ਸਰਕਾਰ ਦੁਆਰਾ ਵਿਨਿਯਮਾਂ ਨੂੰ ਅੰਤਿਮ ਰੂਪ ਵਿੱਚ ਪ੍ਰਵਾਨ ਕਰਨ ਤੋਂ ਪਿੱਛੋਂ, ਇਨ੍ਹਾਂ ਨੂੰ ਯੂਨੀਵਰਸਿਟੀ ਦੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਕੀਤਾ ਜਾਵੇਗਾ।

(7) ਇਸ ਤਰ੍ਹਾਂ ਬਣਾਏ ਗਏ ਵਿਨਿਯਮਾਂ ਨੂੰ ਰਾਜ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਸੋਧਿਆ ਨਹੀਂ ਜਾਵੇਗਾ।

ਯੂਨੀਵਰਸਿਟੀ ਵੱਲੋਂ ਵਿਨਿਯਮਤ ਬੌਡੀਆਂ ਦੇ ਨਿਯਮਾਂ, ਵਿਨਿਯਮਾਂ ਆਦਿ ਦੀ ਪਾਲਣਾ ਕਰਨਾ।

29. (1) ਯੂਨੀਵਰਸਿਟੀ ਨੂੰ ਕੋਈ ਵੀ ਡਿਗਰੀਆਂ ਦੇਣ ਦੀ ਮਨਾਹੀ ਹੋਵੇਗੀ ਜੋ ਐੱਮ.ਸੀ.ਆਈ., ਆਈ.ਐੱਨ.ਸੀ. ਅਤੇ ਮੈਡੀਕਲ ਸਿੱਖਿਆ ਸਬੰਧੀ ਕਿਸੇ ਵੀ ਹੋਰ ਰੈਗੂਲੇਟਰੀ ਬੌਡੀ ਜਾਂ ਕੇਂਦਰੀ ਸਰਕਾਰ ਦੁਆਰਾ ਇਸ ਦੇ ਬਰਾਬਰ ਦੀ ਗਠਤ ਕੀਤੀ ਗਈ ਬੌਡੀ ਵੱਲੋਂ ਮਾਨਤਾ ਪ੍ਰਾਪਤ ਨਹੀਂ ਹੈ।

(2) ਯੂਨੀਵਰਸਿਟੀ ਲਈ ਐੱਮ.ਸੀ.ਆਈ., ਆਈ.ਐੱਨ.ਸੀ. ਅਤੇ ਮੈਡੀਕਲ ਸਿੱਖਿਆ ਸਬੰਧੀ ਕਿਸੇ ਵੀ ਹੋਰ ਰੈਗੂਲੇਟਰੀ ਬੌਡੀ, ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਨਿੱਜੀ ਯੂਨੀਵਰਸਿਟੀਆਂ ਵਿੱਚ ਮਿਆਰਾਂ ਦੀ ਸਥਾਪਨਾ ਅਤੇ ਸੰਭਾਲ) ਵਿਨਿਯਮ, 2003, ਜਾਂ ਐੱਮ.ਸੀ.ਆਈ., ਆਈ.ਐੱਨ.ਸੀ. ਅਤੇ ਕਿਸੇ ਹੋਰ ਰੈਗੂਲੇਟਰੀ ਬੌਡੀਆਂ ਦੁਆਰਾ ਪ੍ਰਾਈਵੇਟ ਯੂਨੀਵਰਸਿਟੀਆਂ ਲਈ ਬਣਾਏ ਗਏ ਕੋਈ ਹੋਰ ਵਿਨਿਯਮਾਂ ਦੀ ਪਾਲਣਾ ਕਰਨੀ ਲਾਜ਼ਮੀ ਹੋਵੇਗੀ।

ਆਮ ਫ਼ੰਡ। 30. (1) ਯੂਨੀਵਰਸਿਟੀ ਦਾ ਇੱਕ ਆਮ ਫ਼ੰਡ ਹੋਵੇਗਾ, ਜਿਸ ਵਿੱਚ ਰਾਸ਼ੀ ਜਮ੍ਹਾਂ ਕਰਵਾਈ ਜਾਵੇਗੀ,-

(ੳ) ਯੂਨੀਵਰਸਿਟੀ ਦੁਆਰਾ ਪ੍ਰਾਪਤ ਕੀਤੀਆਂ ਗਈਆਂ ਫੀਸਾਂ ਅਤੇ ਹੋਰ ਚਾਰਜਿਜ਼;

(ਅ) ਯੂਨੀਵਰਸਿਟੀ ਦੁਆਰਾ ਮਸ਼ਵਰੇ ਤੋਂ ਅਤੇ ਆਪਣੇ ਜ਼ਿੰਮੇ ਲਏ ਗਏ ਹੋਰ ਕੰਮਾਂ ਤੋਂ ਪ੍ਰਾਪਤ ਕੀਤੀ ਗਈ ਕੋਈ ਆਮਦਨ;

(ੲ) ਕਿਸੇ ਸਰਕਾਰੀ ਅਤੇ ਗੈਰ-ਸਰਕਾਰੀ ਫ਼ੰਡ ਏਜੰਸੀਆਂ ਤੋਂ ਖੋਜ ਪ੍ਰੋਜੈਕਟਾਂ ਲਈ ਯੂਨੀਵਰਸਿਟੀ ਦੁਆਰਾ ਕਿਸੇ ਸਾਧਨ ਤੋਂ ਪ੍ਰਾਪਤ ਕੀਤੇ ਗਏ ਫ਼ੰਡ ਅਤੇ ਗ੍ਰਾਂਟਾਂ;

(2) ਆਮ ਫ਼ੰਡ ਦੀ ਵਰਤੋਂ ਹੇਠ-ਲਿਖੇ ਪ੍ਰਯੋਜਨਾਂ ਲਈ ਹੋਵੇਗੀ, ਅਰਥਾਤ:-

(ੳ) ਯੂਨੀਵਰਸਿਟੀ ਦੁਆਰਾ ਉਠਾਏ ਗਏ ਕਰਜ਼ਿਆਂ ਨੂੰ ਵਿਆਜ਼ ਦੇ ਚਾਰਜਿਜ਼ ਸਮੇਤ ਵਾਪਸ ਅਦਾਇਗੀ ਕਰਨ ਲਈ;

(ਅ) ਯੂਨੀਵਰਸਿਟੀ ਦੇ ਧਨਧਾਮ ਦੀ ਸੰਭਾਲ ਲਈ;

(ੲ) ਫ਼ੰਡ ਦੇ ਆਡਿਟ ਦੇ ਖ਼ਰਚੇ ਦੀ ਅਦਾਇਗੀ ਲਈ;

(ਸ) ਕਿਸੇ ਦਾਵੇ ਜਾਂ ਕਾਰਵਾਈਆਂ ਦੇ ਖ਼ਰਚਿਆਂ ਦੀ ਪੂਰਤੀ ਕਰਨ ਲਈ;

(ਹ) ਯੂਨੀਵਰਸਿਟੀ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਤਨਖਾਹਾਂ ਅਤੇ ਭੱਤਿਆਂ ਦੀ ਅਦਾਇਗੀ ਲਈ ਅਤੇ ਅਜਿਹੇ ਕਿਸੇ ਅਧਿਕਾਰੀ ਅਤੇ ਕਰਮਚਾਰੀ ਨੂੰ ਕਿਸੇ ਲਾਭ ਦੀ ਅਦਾਇਗੀ ਕਰਨ ਲਈ;

(ਕ) ਯੂਨੀਵਰਸਿਟੀ ਦੀਆਂ ਅਥਾਰਟੀਆਂ, ਕਮੇਟੀ ਜਾਂ ਬੋਰਡ ਦੇ ਮੈਂਬਰਾਂ ਦੇ ਯਾਤਰਾ ਅਤੇ ਹੋਰ ਭੱਤਿਆਂ ਦੀ ਅਦਾਇਗੀ ਕਰਨ ਲਈ;

(ਖ) ਸਮਾਜ ਦੇ ਆਰਥਿਕ ਤੌਰ ਤੇ ਕਮਜ਼ੋਰ ਵਰਗ ਨਾਲ ਸਬੰਧਤ ਵਿਦਿਆਰਥੀਆਂ ਜਾਂ ਸਹਿਯੋਗੀ ਖੋਜਕਾਰਾਂ ਜਾਂ ਸਿਖਿਆਰਥੀਆਂ, ਜਿਹੀ ਕਿ ਸੂਰਤ ਹੋਵੇ, ਜਾਂ ਅਜਿਹੇ ਐਵਾਰਡ ਪ੍ਰਾਪਤ ਕਰਨ ਲਈ ਕਿਸੇ ਪਾਤਰ ਵਿਦਿਆਰਥੀ ਨੂੰ ਫ਼ੈਲੋਸ਼ਿੱਪਾਂ, ਵਜ਼ੀਫ਼ੇ, ਸਹਾਇਤਾ ਅਤੇ ਹੋਰ ਐਵਾਰਡਾਂ ਦੀ ਅਦਾਇਗੀ ਕਰਨ ਲਈ;

(ਗ) ਯੂਨੀਵਰਸਿਟੀ ਦੁਆਰਾ ਉਠਾਏ ਗਏ ਕਿਸੇ ਖਰਚੇ ਦੀ ਅਦਾਇਗੀ ਕਰਨ ਲਈ;

(ਘ) ਯੂਨੀਵਰਸਿਟੀ ਦੇ ਪ੍ਰਯੋਜਨ ਲਈ ਭੋਂ ਅਰਜਤ ਕਰਨ ਜਾਂ ਕਿਸੇ ਕਿਸਮ ਦੇ ਵਿਕਾਸ ਦੇ ਕੰਮ ਜਾਂ ਅਜਿਹੇ ਕਿਸੇ ਹੋਰ ਕਾਰਜਾਂ ਦੇ ਸਬੰਧ ਵਿੱਚ ਅਦਾਇਗੀ ਕਰਨ ਲਈ;

(ਙ) ਟ੍ਰਸਟ ਦੁਆਰਾ ਯੂਨੀਵਰਸਿਟੀ ਦੀ ਸਥਾਪਨਾ ਅਤੇ ਉਸ ਨੂੰ ਚਲਾਉਣ ਲਈ ਉਠਾਏ ਗਏ ਕਰਜ਼ਿਆਂ ਅਤੇ ਇਸ ਲਈ ਕੀਤੇ ਗਏ ਨਿਵੇਸ਼ਾਂ ਦੀ ਵਾਪਸ ਅਦਾਇਗੀ ਕਰਨ ਲਈ ਅਤੇ ਪੂੰਜੀ ਦੇ ਖ਼ਰਚੇ ਦੀ ਅਦਾਇਗੀ ਕਰਨ ਲਈ;

(ਚ) ਯੂਨੀਵਰਸਿਟੀ ਦੁਆਰਾ ਲਏ ਗਏ ਮਸ਼ਵਰੇ ਦੇ ਕੰਮ ਨਾਲ ਸਬੰਧਤ ਚਾਰਜਿਜ਼ ਅਤੇ ਖਰਚਿਆਂ ਦੀ ਅਦਾਇਗੀ ਲਈ; ਅਤੇ

(ਛ) ਟ੍ਰਸਟ ਦੁਆਰਾ ਜਾਂ ਯੂਨੀਵਰਸਿਟੀ ਲਈ ਜਾਂ ਇਸ ਦੇ ਨਮਿੱਤ ਕਿਸੇ ਖਰਚੇ, ਤਨਖਾਹਾਂ, ਕਰਾਂ, ਦੇਣਦਾਰੀਆਂ ਦੀ ਅਦਾਇਗੀ ਕਰਨ ਲਈ।

31. ਯੂਨੀਵਰਸਿਟੀ ਦੀ ਆਮਦਨ ਅਤੇ ਖਰਚਿਆਂ ਦੇ ਲੇਖੇ ਯੂਨੀਵਰਸਿਟੀ ਦੇ ਚਾਰਟਰਡ ਲੇਖਾਕਾਰ ਦੁਆਰਾ ਆਡਿਟ ਕੀਤੇ ਜਾਣਗੇ ਅਤੇ ਉਹ ਲੇਖੇ ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਦੁਆਰਾ ਸਾਲ ਵਿੱਚ ਇੱਕ ਵਾਰੀ ਪ੍ਰਸ਼ਾਸਕੀ ਬੌਡੀ ਨੂੰ ਉਸ ਦੀ ਪ੍ਰਵਾਨਗੀ ਲਈ ਪੇਸ਼ ਕੀਤੇ ਜਾਣਗੇ। ਸਾਲਾਨਾ ਰਿਪੋਰਟ।

32. ਯੂਨੀਵਰਸਿਟੀ ਛਿਮਾਹੀ-ਦਰ-ਛਿਮਾਹੀ ਜਾਂ ਸਲਾਨਾ, ਜਿਹੀ ਕਿ ਸੂਰਤ ਹੋਵੇ, ਪ੍ਰੀਖਿਆਵਾਂ ਦੀ ਅਸਥਾਈ ਅਨੁਸੂਚੀ ਤਿਆਰ ਅਤੇ ਪ੍ਰਕਾਸ਼ਤ ਕਰੇਗੀ ਜਿਸ ਵਿੱਚ ਹਰੇਕ ਅਕਾਦਮਿਕ ਸੈਸ਼ਨ ਦੀ ਸ਼ੁਰੂਆਤ ਵਿੱਚ ਕਰਵਾਈਆਂ ਜਾਣ ਵਾਲੀਆਂ ਵੱਖ-ਵੱਖ ਅਕਾਦਮਿਕ ਸਰਗਰਮੀਆਂ ਸ਼ਾਮਲ ਹਨ, ਪ੍ਰੰਤੂ ਇਹ ਕਲੰਡਰ ਸਾਲ ਦੇ ਅਗਸਤ ਦੇ 30ਵੇਂ ਦਿਨ ਤੋਂ ਬਾਅਦ ਨਹੀਂ ਹੋਵੇਗੀ। ਪ੍ਰੀਖਿਆਵਾਂ।

ਵਿਆਖਿਆ:- 'ਪ੍ਰੀਖਿਆਵਾਂ ਦੀ ਅਨੁਸੂਚੀ', ਦਾ ਮਤਲਬ ਹੈ ਹਰੇਕ ਪੇਪਰ ਦੇ ਅਰੰਭ ਦੇ ਸਮੇਂ, ਦਿਨ ਅਤੇ ਤਰੀਕ ਬਾਰੇ ਵੇਰਵੇ ਦਿੰਦੀ ਸਮਾਂ-ਸਾਰਣੀ, ਜਿਹੜੀ ਪ੍ਰੀਖਿਆਵਾਂ ਦੀ ਸਕੀਮ ਦਾ ਹਿੱਸਾ ਹੈ ਜਿਸ ਵਿੱਚ ਵਿਵਹਾਰਕ ਪ੍ਰੀਖਿਆਵਾਂ ਅਤੇ ਜ਼ੁਬਾਨੀ ਪ੍ਰੀਖਿਆਵਾਂ, ਜੇ ਕੋਈ ਹੋਣ, ਸ਼ਾਮਲ ਹਨ।

33. (1) ਯੂਨੀਵਰਸਿਟੀ, ਇੱਕ ਖ਼ਾਸ ਕੋਰਸ ਦੀ ਪ੍ਰੀਖਿਆ ਦੀ ਆਖਰੀ ਤਰੀਕ ਤੋਂ ਪੰਤਾਲੀ ਦਿਨ ਦੀ ਮੁੱਦਤ ਦੇ ਅੰਦਰ ਇਸ ਦੁਆਰਾ ਸੰਚਾਲਤ ਕੀਤੀਆਂ ਗਈਆਂ ਪ੍ਰੀਖਿਆਵਾਂ ਦੇ ਨਤੀਜੇ ਐਲਾਨ ਕਰਨ ਦਾ ਯਤਨ ਕਰੇਗੀ, ਪ੍ਰੰਤੂ ਇਹ ਕਿਸੇ ਵੀ ਹਾਲਤ ਵਿੱਚ ਉਕਤ ਤਰੀਕ ਤੋਂ ਸੱਠ ਦਿਨਾਂ ਤੋਂ ਬਾਅਦ ਨਹੀਂ ਹੋਣਗੇ। ਨਤੀਜਿਆਂ ਦਾ ਐਲਾਨ ਕਰਨਾ।

(2) ਕੋਈ ਪ੍ਰੀਖਿਆ ਜਾਂ ਕਿਸੇ ਵੀ ਪ੍ਰੀਖਿਆ ਦਾ ਨਤੀਜਾ ਸਿਰਫ਼ ਇਸ ਕਾਰਨ ਕਰਕੇ ਨਾਜਾਇਜ਼ ਘੋਸ਼ਿਤ ਨਹੀਂ ਕੀਤਾ ਜਾਵੇਗਾ ਕਿ ਯੂਨੀਵਰਸਿਟੀ ਦੁਆਰਾ ਪ੍ਰੀਖਿਆਵਾਂ ਦੀ ਅਨੁਸੂਚੀ ਦਾ ਅਨੁਸਰਣ ਨਹੀਂ ਕੀਤਾ ਗਿਆ ਹੈ।

ਕਨਵੋਕੇਸ਼ਨ।

34. ਯੂਨੀਵਰਸਿਟੀ ਦੀ ਕਨਵੋਕੇਸ਼ਨ ਹਰੇਕ ਅਕਾਦਮਿਕ ਸਾਲ ਵਿੱਚ ਡਿਗਰੀਆਂ, ਡਿਪਲੋਮੇ, ਸਰਟੀਫਿਕੇਟਾਂ ਜਾਂ ਕੋਈ ਹੋਰ ਅਕਾਦਮਿਕ ਉਪਾਧੀਆਂ ਪ੍ਰਦਾਨ ਕਰਨ ਲਈ ਜਾਂ ਤਰੀਕੇ ਵਿੱਚ ਕਿਸੇ ਹੋਰ ਪ੍ਰਯੋਜਨ ਲਈ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ, ਆਯੋਜਿਤ ਕੀਤੀ ਜਾਵੇਗੀ।

ਸਬੰਧਤ ਅਥਾਰਟੀਆਂ ਅਤੇ ਬੌਡੀਆਂ ਦੇ ਝਗੜੇ।

35. ਜੇ ਕਿਸੇ ਵਿਅਕਤੀ ਦੇ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਹੋਰ ਬੌਡੀ ਦਾ ਮੈਂਬਰ ਹੋਣ ਸਬੰਧੀ ਉਸਦੀ ਨਿਯੁਕਤੀ ਜਾਂ ਹੱਕ ਦੇ ਬਾਰੇ ਕੋਈ ਝਗੜਾ ਪੈਦਾ ਹੁੰਦਾ ਹੈ ਤਾਂ ਅਜਿਹਾ ਝਗੜਾ ਚਾਂਸਲਰ ਨੂੰ ਭੇਜਿਆ ਜਾਵੇਗਾ, ਜਿਸ ਤੇ ਉਸਦਾ ਫ਼ੈਸਲਾ ਅੰਤਿਮ ਅਤੇ ਬੰਧਨਕਾਰੀ ਹੋਵੇਗਾ।

ਕਠਨਾਈਆਂ ਦੂਰ ਕਰਨ ਦੀ ਸ਼ਕਤੀ।

36. ਜੇ ਇਸ ਐਕਟ ਦੇ ਕਿਸੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ ਤਾਂ ਰਾਜ ਸਰਕਾਰ ਚਾਂਸਲਰ ਨਾਲ ਮਸ਼ਵਰਾ ਕਰਕੇ, ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੁਕਮ ਦੁਆਰਾ, ਅਜਿਹੇ ਉਪਬੰਧ ਬਣਾ ਸਕੇਗੀ ਜੋ ਇਸ ਐਕਟ ਦੇ ਉਪਬੰਧਾਂ ਨਾਲ ਅਸੰਗਤ ਨਾ ਹੋਣ ਅਤੇ ਜੋ ਉਹ ਅਜਿਹੀ ਕਠਨਾਈ ਨੂੰ ਦੂਰ ਕਰਨ ਲਈ ਜ਼ਰੂਰੀ ਸਮਝੇ:

ਪਰੰਤੂ ਇਸ ਐਕਟ ਦੇ ਅਰੰਭ ਦੀ ਤਰੀਕ ਤੋਂ ਦੋ ਸਾਲ ਦੀ ਮੁੱਦਤ ਗੁਜ਼ਰਣ ਪਿੱਛੋਂ ਇਸ ਧਾਰਾ ਅਧੀਨ ਕੋਈ ਅਜਿਹਾ ਹੁਕਮ ਨਹੀਂ ਕੀਤਾ ਜਾਵੇਗਾ।

ਨੇਕ-ਨੀਤੀ ਨਾਲ ਕੀਤੀ ਕਾਰਵਾਈ ਦਾ ਬਚਾਉ।

37. ਇਸ ਐਕਟ ਜਾਂ ਪ੍ਰਵਿਧਾਨਾਂ, ਆਰਡੀਨੈਂਸਾਂ ਜਾਂ ਵਿਨਿਯਮਾਂ ਵਿੱਚ ਕੀਤੇ ਉਪਬੰਧਾਂ ਦੇ ਅਨੁਸਰਣ ਵਿੱਚ ਨੇਕ-ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਲਈ ਯੂਨੀਵਰਸਿਟੀ ਦੇ ਕਿਸੇ ਅਧਿਕਾਰੀ ਜਾਂ ਕਰਮਚਾਰੀ ਦੇ ਵਿਰੁੱਧ ਕੋਈ ਦਾਵਾ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋ ਸਕੇਗੀ।

ਅੰਤਰਕਾਲੀ ਉਪਬੰਧ।

38. ਇਸ ਐਕਟ ਅਤੇ ਇਸ ਅਧੀਨ ਬਣਾਏ ਗਏ ਪ੍ਰਵਿਧਾਨਾਂ, ਆਰਡੀਨੈਂਸਾਂ ਜਾਂ ਵਿਨਿਯਮਾਂ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਟ੍ਰਸਟ, ਫ਼ੰਡਾਂ ਦੀ ਉਪਲੱਬਧਤਾ ਹੋਣ ਦੇ ਤਾਬੇ, ਇਸ ਐਕਟ ਜਾਂ ਪ੍ਰਵਿਧਾਨਾਂ, ਆਰਡੀਨੈਂਸਾਂ ਜਾਂ ਵਿਨਿਯਮਾਂ ਦੇ ਉਪਬੰਧਾਂ ਨੂੰ ਸਿਰੇ ਚਾੜ੍ਹਨ ਦੇ ਪ੍ਰਯੋਜਨਾਂ ਲਈ, ਯੂਨੀਵਰਸਿਟੀ ਦੇ ਸਾਰੇ ਕਾਰਜ ਜਾਂ ਕਿਸੇ ਇੱਕ ਕਾਰਜ ਦਾ ਨਿਸਤਾਰਾ ਕਰ ਸਕਦਾ ਹੈ ਅਤੇ ਉਸ ਪ੍ਰਯੋਜਨ ਲਈ, ਜਦੋਂ ਤੱਕ ਅਜਿਹੀ ਅਥਾਰਟੀ ਹੋਂਦ ਵਿੱਚ ਨਹੀਂ ਆ ਜਾਂਦੀ ਜਾਂ ਕੋਈ ਅਜਿਹਾ ਅਧਿਕਾਰੀ ਨਿਯੁਕਤ ਨਹੀਂ ਹੋ ਜਾਂਦਾ, ਟ੍ਰਸਟ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰ ਸਕਦਾ ਹੈ ਅਤੇ ਅਜਿਹੇ ਕਰਤੱਵਾਂ ਨੂੰ ਨਿਭਾ ਸਕਦਾ ਹੈ ਜਿਹੜੇ ਇਸ ਐਕਟ ਜਾਂ ਅਜਿਹੇ ਪ੍ਰਵਿਧਾਨਾਂ, ਆਰਡੀਨੈਂਸਾਂ ਜਾਂ ਵਿਨਿਯਮਾਂ ਦੁਆਰਾ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਅਧਿਕਾਰੀ ਦੁਆਰਾ ਨਿਭਾਏ ਜਾਣੇ ਹੁੰਦੇ ਹਨ।

39. (1) ਸ੍ਰੀ ਗੁਰੂ ਰਾਮਦਾਸ ਸਿਹਤ ਵਿਗਿਆਨ ਯੂਨੀਵਰਸਿਟੀ ਆਰਡੀਨੈਂਸ, 2016 (2016 ਦਾ ਪੰਜਾਬ ਆਰਡੀਨੈਂਸ ਨੰ: 7) ਇੱਥੇ ਨਿਰਸਤ ਕੀਤਾ ਜਾਂਦਾ ਹੈ। ਨਿਰਸਨ ਅਤੇ ਬਚਾਉ।

(2) ਅਜਿਹੇ ਨਿਰਸਨ ਦੇ ਹੁੰਦਿਆਂ ਹੋਇਆਂ ਵੀ, ਉਪ-ਧਾਰਾ (1) ਵਿੱਚ ਹਵਾਲਾ ਕੀਤੇ ਗਏ ਆਰਡੀਨੈਂਸ ਅਧੀਨ ਕੀਤੀ ਗਈ ਕੋਈ ਗੱਲ ਜਾਂ ਕੋਈ ਕਾਰਵਾਈ ਇਸ ਐਕਟ ਅਧੀਨ ਕੀਤੀ ਗਈ ਸਮਝੀ ਜਾਵੇਗੀ।

**ਦੇਵਿੰਦਰ ਕੁਮਾਰ ਗੁਪਤਾ,**
ਕਾਨੂੰਨੀ ਮਸ਼ੀਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3484/8-2025/Pb. Govt. Press, S.A.S. Nagar*